ਕੈਨੇਡਾ ਦਰਪਣ

ਜੁਲਾਈ 16-31, 1984

July 16-31, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

JULY 16 — JULY 31, 84

Second Class Mail - Reg. No. 5991   ਕੀਮਤ 30¢

Out of Greater Vancouver
Price 40¢

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

VOL 3 No.28 Jul 16 — JUl 31,84
Editor's Res. PHONE. (604)321-6360

THE CANADA DARPAN
Punjabi Fortnightly Newspaper

ਸੰਗਤਾਂ ਨੂੰ ਦਰਬਾਰ ਸਾਹਿਬ ਪੁਜਣ ਦਾ ਸੱਦਾ

ਸਿਖ ਸੰਗਤਾਂ ਨੂੰ ਅੰਮ੍ਰਿਤਸਰ ਪੁਜਣ ਦਾ ਸੱਦਾ

ਅੰਮ੍ਰਿਤਸਰ — ਅਕਾਲੀ ਦਲ ਦੀ ਗਿਆਰਾਂ ਮੈਂਬਰੀ ਐਡਹਾਕ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਮਜੀਠਾ ਨੇ ਸਭ ਸਿਖਾਂ ਨੂੰ ਅਪੀਲ ਕੀਤੀ ਹੈ ਕਿ ਉਹ 16 ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਪੁਜਣ ਤਾਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਨੂੰ ਮੁਕਤ ਕਰਵਾਇਆ ਜਾ ਸਕੇ।

ਇਥੇ ਜਾਰੀ ਕੀਤੇ ਗਏ ਇਕ ਪ੍ਰੈਸ ਬਿਆਨ ਅਨੁਸਾਰ ਸਰਦਾਰ ਮਜੀਠਾ ਨੇ ਸਾਰੇ ਸਿਖਾਂ ਨੂੰ 15 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਉਣ ਦਾ ਵੀ ਸੱਦਾ ਦਿਤਾ। ਪ੍ਰੈਸ ਨੋਟ ਅਨੁਸਾਰ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਵੀ ਇਹੋ ਇੱਛਾ ਹੈ। ਪ੍ਰੈਸ ਨੋਟ ਵਿਚ ਕਿਹਾ ਗਿਆ ਹੈ ਕਿ 13 ਜੁਲਾਈ ਨੂੰ ਸਾਰੇ ਗੁਰਦੁਆਰਿਆਂ ਵਿਚ ਅਖੰਡ ਪਾਠ ਆਰੰਭ ਕੀਤੇ ਜਾਣ ਅਤੇ 15 ਜੁਲਾਈ ਨੂੰ ਭੋਗ ਪਾਉਣ ਪਿੱਛੋਂ ਦੀਵਾਨ ਸਜਾ ਕੇ ਮਤੇ ਪਾਸ ਕੀਤੇ ਜਾਣ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਪਹਿਲਾਂ ਹੀ 15 ਜੁਲਾਈ ਨੂੰ ਸ਼ਹੀਦੀ ਦਿਵਸ ਮਨਾਉਣ ਦਾ ਸੱਦਾ ਦੇ ਚੁੱਕੇ ਹਨ ਅਤੇ ਅਕਾਲੀ ਦਲ ਦੇ ਸੰਸਦ ਮੈਂਬਰਾਂ, ਵਧਾਇਕਾਂ, ਜ਼ਿਲਾ ਜੱਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਵਿਚ ਇਸ ਦੀ ਪ੍ਰੋੜਤਾ ਵੀ ਕੀਤੀ ਜਾ ਚੁੱਕੀ ਹੈ।

ਇੰਡੀਅਨ ਏਅਰ ਲਾਈਨਜ਼ ਦੇ ਹਵਾਈ ਜਹਾਜ਼ ਨੂੰ ਅਗਵਾ ਕਰ ਲਿਆ ਗਿਆ

ਨਵੀਂ ਦਿੱਲੀ — ਸ੍ਰੀਨਗਰ ਤੋਂ ਨਵੀਂ ਦਿੱਲੀ ਆਉਣ ਵਾਲੇ ਭਾਰਤੀ ਮੁਸਾਫਰ ਹਵਾਈ ਜਹਾਜ਼ ਨੂੰ ਕੁਝ ਹਥਿਆਰਬੰਦ ਵਿਅਕਤੀਆਂ ਨੇ ਅਗਵਾ ਕਰ ਲਿਆ। ਚਾਲਕ ਨੇ ਲਾਹੌਰ ਹਵਾਈ ਅੱਡੇ ਤੇ ਉਤਰਨ ਦੀ ਆਗਿਆ ਮੰਗੀ ਜੋ ਪਹਿਲਾਂ ਨਾਮਨਜ਼ੂਰ ਕਰ ਦਿਤੀ ਗਈ ਫੇਰ ਉਸ ਦੇ ਇਹ ਕਹਿਣ ਤੇ ਕਿ ਉਸ ਪਾਸ ਪੈਟਰੋਲ ਖਤਮ ਹੋ ਗਿਆ ਹੈ ਅਤੇ ਭਾਰਤੀ ਕੇਂਦਰੀ ਸਰਕਾਰ ਦੇ ਕਹਿਣ ਤੇ ਜਹਾਜ਼ ਨੂੰ ਉਤਰਨ ਦੀ ਆਗਿਆ ਦੇ ਦਿਤੀ ਗਈ। ਇਸ ਜਹਾਜ਼ ਵਿਚ 262 ਮੁਸਾਫਰ ਸਨ ਜੋ ਸਹੀ ਸਲਾਮਤ ਉਤਾਰ ਲਏ ਗਏ ਅਤੇ ਜਹਾਜ਼ ਦੇ ਅਮਲੇ ਦੇ ਨਾਲ ਹੀ ਦਿੱਲੀ ਭੇਜ ਦਿੱਤੇ ਗਏ। ਅੱਠ ਅਗਵਾ ਕਾਰਾਂ ਨੂੰ ਪਾਕਿਸਤਾਨ ਦੀ ਫੌਜ ਨੇ ਆਪਣੀ ਹਿਰਾਸਤ ਵਿਚ ਲੈ ਲਿਆ ਹੈ। ਲਾਹੌਰ ਵਿਚ ਉਤਾਰੇ ਜਾਣ ਵਾਲਾ ਇਹ ਤੀਸਰਾ ਭਾਰਤੀ ਹਵਾਈ ਜਹਾਜ਼ ਹੈ ਜੋ ਅਗਵਾ ਕਰਕੇ ਪਾਕਿਸਤਾਨ ਲਿਆਂਦਾ ਗਿਆ।

ਤਲਵਿੰਦਰ ਸਿੰਘ ਰਿਹਾਈ ਪਿਛੋਂ ਵੈਨਕੂਵਰ

ਵੈਨਕੂਵਰ — ਜਥੇਦਾਰ ਤਲਵਿੰਦਰ ਸਿੰਘ 13 ਮਹੀਨੇ ਜਰਮਨੀ ਦੀ ਜੇਲ੍ਹ ਵਿੱਚ ਰਹਿਣ ਪਿਛੋਂ 6 ਜੁਲਾਈ 84 ਨੂੰ ਬਿਨਾਂ ਸ਼ਰਤ ਰਿਹਾ ਕਰ ਦਿਤੇ ਗਏ।

ਤਲਵਿੰਦਰ ਸਿੰਘ ਨੂੰ ਰਿਹਾਈ ਦੇ ਸਮੇਂ ਇਕ ਦਮ ਜਰਮਨੀ ਵਿਚੋਂ ਚਲੇ ਜਾਣ ਦਾ ਫੈਸਲਾ ਸੁਣਾਇਆ ਗਿਆ। ਤਲਵਿੰਦਰ ਸਿੰਘ ਦੇ ਕੇਸ ਦੀ ਪੈਰਵੀ ਜਰਮਨੀ ਦੇ ਬੈਰਿਸਟਰ ਮਿਸਟਰ ਹੈਰਨ ਅਤੇ ਉਸ ਦੇ ਨਾਲ ਜਰਮਨੀ ਦੇ ਹੀ ਦੋ ਵਕੀਲਾਂ ਅਤੇ ਲੰਡਨ ਦੇ ਸਿਖ ਬੈਰਿਸਟਰ ਹਰਜੀਤ ਸਿੰਘ ਨੇ ਕੀਤੀ। ਯਾਦ ਰਹੇ ਕਿ 29 ਜੂਨ 83 ਨੂੰ ਤਲਵਿੰਦਰ ਸਿੰਘ ਨੂੰ ਜਰਮਨੀ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਦੀ ਗ੍ਰਿਫਤਾਰੀ ਇੰਟਰਪੋਲ ਵਲੋਂ ਕੀਤੀ ਗਈ ਸੀ ਅਤੇ ਉਨ੍ਹਾਂ ਵਿਰੁਧ ਦਹੇੜੂ ਕਾਂਡ ਵਿੱਚ

ਬਾਕੀ ਸਫਾ 3 ਤੇ

ਕਮਿਊਨਿਟੀ ਸੈਂਟਰ ਦੀ ਲੋੜ ਪੂਰੀ ਕਰਨ ਲਈ ਇੱਕ ਵੱਡਾ ਕਦਮ

ਦੇਸ਼ ਭਗਤ ਟੈਂਪਲ ਅਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਇਹ ਖੁਸ਼ੀ ਭਰੀ ਸੂਚਨਾ ਮਿਲੀ ਹੈ ਕਿ ਜੋ ਕਮਿਊਨਿਟੀ ਸੈਂਟਰ ਦੀ ਕਮੇਟੀ ਜਿਸ ਦਾ ਨਾਂ ਦੇਸ਼ ਭਗਤ ਖੇਡਾਂ ਅਤੇ ਸਭਿਆਚਾਰਕ ਕਮੇਟੀ ਹੈ ਉਸਨੇ 29 ਜੂਨ ਨੂੰ ਪੰਜ ਲੱਖ ਦਸ ਹਜ਼ਾਰ ਡਾਲਰ ਨਕਦ ਦੇ ਕੇ 20 ਏਕੜ ਜ਼ਮੀਨ ਰਿਚਮੰਡ ਵਿਚ ਵੈਸਟ ਮਨਿਸਟਰ ਹਾਈਵੇ ਤੇ ਖਰੀਦ ਲਈ ਹੈ। ਇਹ ਆਪਣੇ ਦੇਸ਼ ਭਗਤ ਅਤੇ ਅਗਾਂਹ ਵਧੂ ਲੋਕਾਂ ਲਈ ਵੱਡੀ ਜਿੱਤ ਹੈ।

ਇਹ ਜੋ ਕਮਿਊਨਿਟੀ ਸੈਂਟਰ ਜਿਸ ਦੀ ਨੀਂਹ 29 ਜੁਲਾਈ ਨੂੰ ਸਵੇਰ ਦੇ ਗਿਆਰਾਂ ਵਜੇ ਰੱਖੀ ਜਾਵੇਗੀ, ਇਹ ਧਰਮ ਨਿਰਪੱਖ, ਅਗਾਂਹ ਵਧੂ ਅਤੇ ਮਨੁੱਖੀ ਸਭਿਆਚਾਰ ਅਤੇ ਲੋਕਾਂ ਦੀ ਏਕਤਾ ਦਾ ਸੈਂਟਰ ਹੋਵੇਗਾ। ਆਪਣੇ ਜੋ ਲੋਕ ਹਨ ਉਹ ਇਸ ਤਰਾਂ ਨਹੀਂ ਪਹਿਚਾਣੇ ਜਾਂਦੇ ਕਿ ਉਨ੍ਹਾਂ ਦਾ ਧਰਮ ਕੀ ਹੈ ਪਰ ਇਸ ਕ ਰਕੇ ਕਿ ਕੀ ਉਹ ਨੱਸਲਵਾਦ, ਫਾਸ਼ੀਵਾਦ, ਸਾਮਰਾਜ ਅਤੇ ਸਮਾਜੀ ਸਾਮਰਾਜ ਦੇ ਵਿਰੁਧ ਖੜੇ ਹਨ ਕਿ ਨਹੀਂ। ਜਿਵੇਂ ਕਿ ਕਿਸੇ ਦੇਸ਼ ਭਗਤ ਦਾ ਇਖਲਾਕ ਇਸ ਗੱਲ ਤੋਂ ਨਹੀਂ ਦੇਖਿਆ ਜਾਂਦਾ ਕਿ ਉਸ ਦਾ ਧਰਮ ਕੀ ਹੈ ਕਿਉਂਕਿ ਦੁਨੀਆਂ ਵਿੱਚ ਬਹੁਤ ਵੱਡੇ ਜ਼ਾਲਮ ਲੁਟੇਰੇ ਅਤੇ ਫਾਸ਼ਿਸ਼ਟ ਵੀ ਧਰਮੀ ਹੋਏ ਹਨ ਅਤੇ ਹਨ ਮਸਾਲ ਦੇ ਤੌਰ ਤੇ ਰੀਗਨ, ਜ਼ਿਆਉਲ ਹੱਕ, ਇੰਦਰਾ ਗਾਂਧੀ ਤੇ ਹੋਰ।

ਦੇਸ਼ ਭਗਤ ਉਹ ਹੁੰਦੇ ਹਨ ਜੋ ਕੌਮ ਦੇ ਪਵਿੱਤਰ ਨਿਸ਼ਾਨੇ ਨੂੰ ਅੱਗੇ ਲੈ ਕੇ ਚਲਦੇ ਹਨ। ਜੋ ਲੋਕਾਂ ਦੀ ਏਕਤਾ ਨੂੰ ਅੱਖਾਂ ਦਾ ਤਾਰਾ ਬਣਾ ਕੇ ਰਖਵਾਲੀ ਕਰਦੇ ਹਨ ਅਤੇ ਕਦੇ ਵੀ ਫਿਰਕਾ ਪ੍ਰਸਤੀ ਜਾਂ ਇਲਾਕੇਬਾਜ਼ੀ ਤੌਰ ਤੇ ਲੋਕਾਂ ਵਿਚ ਫਸਾਦ ਨਹੀਂ ਕਰਵਾਉਂਦੇ ਅਤੇ ਜੋ ਹਰ ਕਿਸਮ ਦੀ ਫਿਰਕਾ ਪ੍ਰਸਤੀ ਅਤੇ ਫਾਸ਼ੀ ਪ੍ਰਕਰ ਦੇ ਗੰਦ ਮੰਦ ਦੀ ਵਿਰੋਧਤਾ ਕਰਦੇ ਹਨ ਇਹ ਸੈਂਟਰ ਇਹਨਾਂ ਖਿਆਲਾਂ ਦਾ ਇਕ ਚਾਨਣ ਮੁਨਾਰਾ ਹੋਵੇਗਾ ਅਤੇ ਹਰ ਹਿੰਦੋਸਤਾਨੀ, ਮਜ਼ਦੂਰ ਅਤੇ ਇਥੋਂ ਦੇ ਆਮ ਲੋਕਾਂ ਲਈ ਸਦਾ ਖੁਲ੍ਹਾ ਹੋਵੇਗਾ। ਸਾਰੇ ਅਗਾਂਹ ਵਧੂ, ਦੇਸ਼ ਭਗਤ ਅਤੇ ਆਮ ਲੋਕ ਇਸ ਖਬਰ ਨੂੰ ਸੁਣਕੇ ਬਹੁਤ ਹੀ ਖੁਸ਼ ਹਨ।

ਇਹ ਸੂਚਨਾ ਵੀ ਮਿਲੀ ਹੈ ਕਿ ਜੋ ਇਹ ਜ਼ਮੀਨ ਖਰੀਦੀ ਗਈ ਹੈ ਇਸ ਲਈ ਕਿਸੇ ਵੀ ਗਲੀ ਸੜੀ ਨਸਲੀ ਹਕੂਮਤ ਜਾਂ ਇਸ ਦੀਆਂ ਏਜੰਸੀਆਂ ਤੋਂ ਪੈਸਾ ਲੈ ਕੇ ਨਹੀਂ ਖਰੀਦੀ ਗਈ। ਇਹ ਆਮ ਮਜ਼ਦੂਰਾਂ ਅਤੇ ਆਮ ਲੋਕਾਂ ਦੀ ਆਪਾ ਕੁਰਬਾਨੀ ਦਾ ਸਬੂਤ ਹੈ ਅਤੇ ਇਸ ਤੋਂ ਇਹ ਵੀ ਜ਼ਾਹਰ ਹੈ ਕਿ ਆਪਣੇ ਲੋਕ ਕਦੇ ਵੀ ਠੀਕ ਕੰਮ ਕਰਨ ਤੋਂ ਝਿਜਕਦੇ ਨਹੀਂ ਸਗੋਂ ਹਰ ਤਰ੍ਹਾਂ ਦੀ ਕੁਰਬਾਨੀ ਕਰ ਸਕਦੇ ਹਨ।

ਸਾਥੀ ਹਰਦਿਆਲ ਬੈਂਸ ਜੋ ਕੈਨੇਡਾ ਦੀ ਕਮਿਊਨਿਸਟ ਪਾਰਟੀ (ਮਰਕਸਵਾਦੀ-ਲੈਨਿਨ ਵਾਦੀ) ਦੀ ਕੇਂਦਰੀ ਕਮੇਟੀ ਦੇ ਮੁਖ ਸਕੱਤਰ ਹਨ ਨੇ ਕਿਹਾ ਕਿ ਇਹ ਸੈਂਟਰ ਜੋ ਸਾਡੇ ਬਜ਼ੁਰਗਾਂ ਦੀ ਦੇਸ਼ ਭਗਤੀ ਤੇ ਕੁਰਬਾਨੀ ਹੈ, ਉ ਸਦਾ ਸੈਂਟਰ ਹੈ।ਜਿਨ੍ਹਾਂ ਨੇ ਪਿਛਲੇ ਵੀਹ ਸਾਲਾਂ ਤੋਂ ਆਪਣੇ ਮਜ਼ਦੂਰਾਂ ਅਤੇ ਲੋਕਾਂ ਤੇ ਨਸਲਵਾਦ ਅਤੇ ਫਾਸ਼ੀਵਾਦ ਦੇ ਖਿਲਾਫ ਜ਼ਦੋ ਜਿਹਦ ਕੀਤੀ ਉਸਦਾ ਸੈਂਟਰ ਹੈ। ਆਪਣੀਆਂ ਮੌਜੂਦਾ ਸਮਸਿਆਵਾਂ ਨੂੰ ਹੱਲ ਕਰਨ ਦਾ ਸੈਂਟਰ ਹੈ। ਸਾਥੀ ਹਰਦਿਆਲ ਬੈਂਸ ਨੇ ਲਲਕਾਰ ਕੇ ਕਿਹਾ ਕਿ ਇਹ ਜਗਾ ਜੋ ਮਜ਼ਦੂਰਾਂ ਅਤੇ ਆਮ ਲੋਕਾਂ ਦੀਆਂ ਸੁਨਹਿਰੀ ਜ਼ਦੋ-ਜਹਿਦਾਂ ਦਾ ਨਤੀਜਾ ਹੈ ਅਤੇ ਇਨਸਾਫਪਸੰਦ ਲੋਕਾਂ ਦਾ ਗੜ੍ਹ ਹੈ ਇਸ ਨੂੰ ਕਿਸੇ ਵੀ ਹਾਲਾਤ ਵਿਚ ਵੇਚਿਆ ਨਹੀਂ ਜਾ ਸਕਦਾ ਜਿਸ ਤਰ੍ਹਾਂ ਕਿ ਪਿਛਾਂਹ ਖਿਚੂਆਂ ਨੇ ਸਾਡੇ ਬਜ਼ੁਰਗਾਂ ਦੀਆਂ ਖਰੀਦੀਆਂ ਥਾਵਾਂ ਵੇਚੀਆਂ ਜਿਵੇਂ ਕਿ ਸੈਕੰਡ ਐਵੀਨਿਊ ਦੀ ਇਤਿਹਾਸਕ ਜਗ੍ਹਾ ਅਤੇ ਇਹ ਸੈਂਟਰ ਆਪਣੇ ਲੋਕਾਂ ਦਾ ਸਦਾ ਲਈ ਇਤਿਹਾਸਕ ਸੈਂਟਰ ਰਹੇਗਾ। ਇਥੇ ਇਕ ਵੱਡਾ ਹਾਲ ਬਣੇਗਾ ਜਿਸ ਦਾ ਨਾਂ ਦੇਸ਼ ਭਗਤ ਯਾਦਗਾਰ ਹੋਵੇਗਾ ਜਿਥੇ ਕਿ ਦੇਸ਼ ਭਗਤਾਂ, ਗਦਰੀ ਬਾਬਿਆਂ, ਆਮ ਲੋਕਾਂ ਅਤੇ ਮਜ਼ਦੂਰਾਂ ਦੇ ਸੁਨਹਿਰੀ ਇਤਿਹਾਸ ਦੀ ਨੁਮਾਇਸ਼ ਹੋਵੇਖੀ ਇਹ ਸੈਂਟਰ ਕਦੇ ਵੀ ਕਿਸੇ ਗਲੇ ਸੜੇ ਸਾਮਰਾਜੀ ਤੋਂ ਕਿਸੇ ਗਲੇ ਸੜੇ ਫਿਰਕਾ ਪ੍ਰਸਤ ਤੋਂ ਅਤੇ ਫਾਸ਼ੀਆਂ ਦੀਆਂ ਧਮਕੀਆਂ ਤੋਂ ਡਰੇਗਾ ਨਹੀਂ, ਸਗੋਂ ਨਿਧੜਕ ਰਹੇਗਾ।

ਕਮਿਊਨਿਟੀ ਸੈਂਟਰ ਦੀ ਕਮੇਟੀ ਦੇਸ਼ ਭਗਤ ਖੇਡਾਂ ਅਤੇ ਸਭਿਆਚਾਰਕ ਕੇਂਦਰ ਦੀ ਕਮੇਟੀ ਇਸ ਜਿੱਤ ਦੀ ਸਾਰੇ ਆਪਣੇ ਲੋਕਾਂ ਨੂੰ ਵਧਾਈ ਦਿੰਦੀ ਹੈ ਅਤੇ ਸੱਦਾ ਦਿੰਦੀ ਹੈ ਕਿ ਇਸ ਸੈਂਟਰ ਦੀ ਵਧ ਚੜ੍ਹ ਕੇ ਹਮਾਇਤ ਕਰਨ ਅਤੇ 29 ਜੁਲਾਈ ਦਿਨ ਐਤਵਾਰ ਨੂੰ ਜੋ ਇਸ ਦੇਸ਼ ਭਗਤ ਖੇਡਾਂ ਅਤੇ ਸਭਿਆਚਾਰਕ ਕੇਂਦਰ ਦੀ 11 ਵਜੇ ਸਵੇਰੇ ਨੀਂਹ ਰੱਖਣੀ ਹੈ ਉਸ ਵਿੱਚ ਹੁਮ ਹੁਮਾ ਕੇ ਆਉਣ। ਦੇਸ਼ ਭਗਦ ਸੈਂਟਰ ਦੀ ਨੀਂਹ ਰੱਖਣ ਦੀ ਰਸਮ ਸਾਥੀ ਹਰਦਿਆਲ ਬੈਂਸ ਕਰਨਗੇ। ਇਕ ਵਜੇ ਬਾਅਦ ਦੁਪਹਿਰ ਦੇਸ਼ ਭਗਤ ਟੈਂਪਲ 5880 ਮੇਨ ਸਟਰੀਟ ਤੇ ਚਾਹ ਪਾਣੀ ਦਾ ਪ੍ਰੋਗਰਾਮ ਹੋਵੇਗਾ।

ਜ਼ਰੂਰੀ ਸੂਚਨਾ

ਚੌਥਾ ਅੰਤਰ ਰਾਸ਼ਟਰੀ ਖੇਡਾਂ ਤੇ ਸਭਿਆਚਾਰਕ ਮੇਲਾ ਜੋ ਕਿ ਵੈਣਕੂਵਰ ਵਿੱਚ 29 ਜੁਲਾਈ ਤੋਂ 6 ਅਗਸਤ ਤਕ ਹੋਣਾ ਸੀ ਉਹ ਹੁਣ 5,6,7 ਅਤੇ 8 ਅਕਤੂਬਰ 84 ਨੂੰ ਹੋਵ ਗਾ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph:
874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

ROYAL
new used
FURNITURE

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

ਪਾਲ ਤੂਰ

ਕੈਨੇਡਾ ਦਰਪਣ

ਐਡਮਿੰਟਨ ਵਿਚ ਪੰਜਾਬ ਸਬੰਧੀ ਇਕ ਪਬਲਕ ਮੀਟਿੰਗ — ਇਕ ਰੀਪੋਰਟ

ਐਡਮਿੰਨਟਨ ਵਿੱਚ 30 ਜੂਨ 84 ਨੂੰ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ ਐਡਮਿੰਟਨ ਵਲੋਂ ਪੰਜਾਬ ਦੀ ਮੌਜੂਦਾ ਹਾਲਤ ਤੇ ਵਿਚਾਰ ਕਰਲ ਲਈ ਇਕ ਮੀਟਿੰਗ ਬੁਲਾਈ ਗਈ। ਇਸ ਮੀਟਿੰਗ ਵਿਚ 90 ਦੇ ਕਰੀਬ ਮਰਦ ਤੇ ਔਰਤਾਂ ਨੇ ਹਿੱਸਾ ਲਿਆ। ਮੀਟਿੰਗ ਦੇ ਮੁਖ ਬੁਲਾਰੇ ਹਰਬੰਸ ਢਿੱਲੋਂ ਨੇ ਆਪਣੇ ਭਾਸ਼ਨ ਵਿੱਚ ਹਰਿਮੰਦਰ ਸਾਹਿਬ ਉਪਰ ਇੰਦਰਾ ਸਰਕਾਰ ਵਲੋਂ ਕੀਤੇ ਗਏ ਫੌਜੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਨੇ ਦਸਿਆ ਕਿ ਕਿਸ ਤਰ੍ਹਾਂ ਇਹ ਲੋਕ-ਦੋਖੀ ਸਰਕਾਰ ਦੇਸ ਦੇ ਵਖ ਵਖ ਹਿਸਿਆਂ ਵਿਚ ਆਪਣੇ ਸੌੜੇ ਸਿਆਸੀ ਮਨੋਰਥਾਂ ਨੂੰ ਪੂਰਾ ਕਰਨ ਲਈ ਲੋਕਾਂ ਵਿੱਚ ਧਰਮ, ਬੋਲੀ ਅਤੇ ਇਲਾਕੇ ਦੇ ਆਧਾਰ ਤੇ ਫਸਾਦ ਕਰਵਾਉਂਦੀ ਆ ਰਹੀ ਹੈ। ਪੰਜਾਬ ਵਿੱਚ ਫੌਜ ਭੇਜਣ ਦਾ ਫੈਸਲਾ ਵੀ ਉਸੇ ਹੀ ਕੜੀ ਦਾ ਇਕ ਅੰਗ ਹੈ। ਉਨ੍ਹਾ ਇਹ ਵੀ ਕਿਹਾ ਕਿ ਜੇ ਇੰਦਰਾ ਸਰਕਾਰ ਚਾਹੁੰਦੀ ਤਾਂ ਪੰਜਾਬੀਆਂ ਦੀਆਂ ਮੰਗਾਂ ਦਾ ਰਾਜਨੀਤਕ ਹੱਲ ਬਹੁਤ ਦੇਰ ਪਹਿਲਾਂ ਕੀਤਾ ਜਾ ਸਕਦਾ ਸੀ ਪਰ ਮੱਕਾਰ ਹੁਕਮਰਾਨ ਇੰਦਰਾ ਨੇ ਇਸ ਮਸਲੇ ਨੂੰ ਜਾਣ ਬੁਝ ਕੇ ਲਮਕਾਇਆ , ਜਿਸ ਦੇ ਸਿੱਟੇ ਵਜੋਂ ਹਾਲਾਤ ਇਨੇ ਗੰਭੀਰ ਹੋ ਗਏ ਕਿ ਅਗਾਂਹ ਵਧੂ ਲਿਖਾਰੀਆਂ ਤੇ ਆਮ ਬੇਕਸੂਰੇ ਲੋਕਾਂ ਦੇ ਜਨੂੰਨੀਆਂ ਹੱਥੋਂ ਕਤਲ ਖੁਲ੍ਹੇ ਆਮ ਹੋਣੇ ਸ਼ੁਰੂ ਹੋ ਗਏ ਤੇ ਇਸ ਫਿਰਕਾ ਪ੍ਰਸਤੀ ਦੀ ਅੱਗ ਨੇ ਸਾਰੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਨੇ 1947 ਵਰਗੇ ਹਾਲਾਤ ਮੁੜ ਪੈਦਾ ਕਰ ਦਿਤੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਹਰਿਮੰਦਰ ਸਾਹਿਬ ਉਪਰ ਫੌਜੀ ਹਮਲੇ ਦੀ ਸਖਤ ਨਿਖੇਧੀ ਕਰਨੀ ਚਾਹੀਦੀ ਹੈ ਇਸ ਦੇ ਨਾਲ ਨਾਲ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਨੂੰ ਫਿਰਕੂ ਸਦਭਾਵਨਾ ਤੇ ਆਪਸੀ ਸਤਿਕਾਰ ਰਖਣਾ ਬਹੁਤ ਜ਼ਰੂਰੀ ਹੈ ਤਾਕਿ ਸਾਡੇ ਨਾਲ ਇਥੇ ਹੋ ਰਹੇ ਹਰ ਕਿਸਮ ਦੇ ਵਿਤਕਰੇ ਅਤੇ ਨਸਲਵਾਦ ਵਿਰੁਧ ਲੜਣ ਦੀ ਸਾਡੀ ਯੋਗਤਾ ਕਮਜ਼ੋਰ ਨਾ ਹੋਵੇ।

ਇਸ ਤੋਂ ਪਿਛੋਂ ਸਰੋਤਿਆਂ ਸਾਹਮਣੇ ਚਾਰ ਮਤੇ ਰੱਖੇ ਗਏ, ਜਿਨ੍ਹਾਂ ਉਪਰ ਬੜੀ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਇਕ ਬਹੁਤ ਹੀ ਮਹੱਤਵ ਪੂਰਨ ਤੇ ਖੁਸ਼ੀ ਵਾਲੀ ਗੱਲ ਸੀ ਕਿ ਇਸ ਬਹਿਸ ਵਿੱਚ ਸਰੋਤਿਆਂ ਨੇ ਨਿਝੱਕ ਹੋਕੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਮੀਟਿੰਗ ਦਾ ਇਕ ਹੋਰ ਮਹੱਤਵ ਪੂਰਨ ਪਹਿਲੂ ਇਹ ਵੀ ਸੀ ਕਿ ਇਸ ਵਿੱਚ ਸਿਰਫ ਸਥਾਨਕ ਲੋਕਾਂ ਨੇ ਹੀ ਹਿੱਸਾ ਨਹੀਂ ਲਿਆਸਗੋਂ ਕੈਲੇਫੋਰਨੀਆ ਤੋਂ ਐਂਟੀ— 47 ਚਥੇਬੰਦੀ , ਵੈਨਕੂਵਰ ਤੋਂ ਇਪਾਨਾ , ਵਿਨੀਪੈਗ ਕੈਲਗਿਰੀ, ਰੈਡ ਡੀਅਰ ਅਤੇ ਸੇਂਟ ਐਲਬਰਟ ਤੋਂ ਵੀ ਲੋਕਾਂ ਨੇ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਆਫ ਐਡਮਿੰਟਨ ਦੇ ਮਹਿਮਾਨਾਂ ਦੇ ਤੌਰ ਤੇ ਉਚੇਚਾ ਹਿੱਸਾ ਪਾਇਆ।

ਮੀਟਿੰਗ ਵਿਚ ਹੇਠ ਲਿਖੇ ਮਤੇ ਸਰਵ ਸੰਮਤੀ ਨਾਲ ਪਾਸ ਹੋਏ:—

ਮਤਾ ਨੰਬਰ 1 -

ਜਦ ਕਿ ਇੰਦਰਾ ਸਰਕਾਰ ਨੇ ਹਮੇਸ਼ਾ ਭਾਰਤੀ ਲੋਕਾਂ ਦੇ ਘੋਲਾਂ ਨੂੰ ਜਬਰਦਸਤੀ ਕੁਚਲਿਆ, ਇਸ ਨੇ ਹਮੇਸ਼ਾ ਧਰਮ ਨਿਰਪੱਖਤਾ ਦੇ ਮਖੌਟੇ ਹੇਠ ਧਰਮ , ਬੋਲੀ ਅਤੇ ਇਲਾਕੇ ਦੇ ਆਧਾਰ ਤੇ ਲੋਕਾਂ ਨੂੰ ਆਪਸ ਵਿਚ ਪਾੜਿਆ, ਇਸ ਨੇ ਹਰਿਮੰਦਰ ਸਾਹਿਬ ਉਪਰ ਫੌਜੀ ਹਮਲਾ ਕਰਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਧਾਰਮਿਕ ਅਸਥਾਨਾ ਦਾ ਅਪਮਾਨ ਕੀਤਾ ਹੈ, ਪੰਜਾਬ ਵਿੱਚ ਫੌਜ ਦੀ ਲਗਾਤਾਰ ਮੌਜੂਦਗੀ ਨਾਲ ਲੋਕਾਂ ਵਿੱਚ ਦਹਿਸ਼ਤ ਫੈਲਾਈ ਜਾ ਰਹੀ ਹੈ ਅਤੇ ਉਸ ਦੀ ਇਸ ਵਹਿਸ਼ੀ ਕਰਤੂਤ ਨੇ ਫਿਰਕਾ ਪ੍ਰਸਤ ਤਾਕਤਾਂ ਨੂੰ ਲੋਕਾਂ ਵਿਚ ਪਾੜਾ ਪੌਣ ਦਾ ਮੌਕਾ ਦਿੱਤਾ ਹੈ।

ਇਸ ਲਈ ਅਸੀਂ ਹਰਿਮੰਦਰ ਸਾਹਿਬ ਉਪਰ ਫੌਜੀ ਹਮਲੇ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਅਤੇ ਸਰਕਾਰ ਦੀਆਂ ਉਨ੍ਹਾਂ ਨੀਤੀਆਂ ਦੀ ਵੀ, ਜਿਨ੍ਹਾਂ ਕਰਕੇ ਪੰਜਾਬ ਦੀ ਇਹ ਮੌਜੂਦਾ ਹਾਲਤ ਹੋਈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸੈਂਕੜੇ ਬੇਕਸੂਰ ਕਤਲ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਇਵਜ਼ਾਨਾ ਦਿਤਾ ਜਾਵੇ , ਪੰਜਾਬ ਵਿਚ ਆਮ ਵਰਗਾ ਜਮਹੂਰੀ ਤੇ ਸਿਆਸੀ ਮਾਹੌਲ ਪੈਦਾ ਕੀਤਾ ਜਾਵੇ ਅਤੇ ਪੰਜਾਬ ਵਿਚੋਂ ਛੇਤੀ ਤੋਂ ਛੇਤੀ ਫੌਜ ਵਾਪਸ ਬੁਲਾਈ ਜਾਵੇ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਪੰਜਾਬੀ ਲੋਕਾਂ ਦੀਆਂ ਮੰਗਾਂ ਦਾ ਛੇਤੀ ਤੋਂ ਛੇਤੀ ਰਾਜਨੀਤਕ ਹੱਲ ਕੀਤਾ ਜਾਵੇ।

ਮਤਾ ਨੰਬਰ 2

ਜਦ ਕਿ, ਫਿਰਕੂ ਹਿੰਸਾ ਨੇ ਹਿੰਦੋਸਤਾਨ ਭਰ ਵਿੱਚ ਲੋਕਾਂ ਉਪਰ ਅਥਾਹ ਦੁੱਖ ਤੇ ਜ਼ੁਲਮ ਢਾਹੇ , ਲੋਕਾਂ ਨੂੰ ਆਪਸ ਵਿਚ ਪਾੜਿਆ ਅਤੇ ਉਨ੍ਹਾਂ ਨੂੰ ਸਹੀ ਘੋਲਾਂ ਤੋਂ ਲਾਂਭੇ ਕੀਤਾ। ਪੰਜਾਬ ਅਤੇ ਹਰਿਆਣੇ ਵਿਚ ਹੋਈਆਂ ਫਿਰਕੂ ਵਾਰਦਾਤਾਂ ਨੇ ਪੰਜਾਬ ਵਿਚ 1947 ਵਰਗੇ ਹਾਲਾਤ ਮੁੜ ਪੈਦਾ ਕਰ ਦਿਤੇ। ਇਸੇ ਹੀ ਫਿਰਕੂ ਅੱਗ ਨੇ ਪਿਛੇ ਜਹੇ ਬੰਬਈ ਵਿੱਚ ਸੈਂਕੜੇ ਮਾਸੂਮ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਦਿਤਾ ।



ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿੱਚ ਵੀ ਫਿਰਕੂ ਅੱਗ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੇ ਨਸਲਵਾਦ ਤੇ ਹਰ ਕਿਸਮ ਦੇ ਹੋ ਰਹੇ ਵਿਤਕਰੇ ਵਿਰੁਧ ਲੜਣ ਦੀ ਸਾਡੀ ਯੋਗਤਾ ਨੂੰ ਕਮਜ਼ੋਰ ਕੀਤਾ ਹੈ।

ਇਸ ਲਈ ਅਸੀਂ ਇਹਨਾਂ ਲੋਕ-ਦੁਸ਼ਮਣ ਫਿਰਕਾ ਪ੍ਰਸਤ ਤਾਕਤਾਂ ਦੀ ਪੁਰ ਜ਼ੋਰ ਨਿਖੇਧੀ ਕਰਦੇ ਹਾਂ ਅਤੇ ਭਾਰਤ ਤੇ ਵਿਦੇਸ਼ਾਂ ਵਿਚ ਰਹਿੰਦੇ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਫਿਰਕੂ ਸਦਭਾਵਨਾ ਅਤੇ ਆਪਸੀ ਸਤਿਕਾਰ ਕਾਇਮ ਰਖਿਆ ਜਾਵੇ।

ਮਤਾ ਨੰਬਰ 3

ਜਦ ਕਿ ਬਦੇਸ਼ਾਂ ਵਿੱਚ ਕੁਝ ਮੁਠੀ ਭਰ ਫਿਰਕੂ ਅਤੇ ਗੈਰੁਜਮਹੂਰੀ ਅਨਸਰ ਆਪਣੇ ਖਿਆਲ ਸਾਰੀ ਕਮਿਊਨਿਟੀ ਉਪਰ ਜ਼ਬਰਦਸਤੀ ਠੋਸਣਾ ਚਾਹੁੰਦੇ ਹਨ ਅਤੇ ਲੋਕਾਂ ਦੇ ਵਿਚਾਰ ਪ੍ਰਗਟ ਕਰਨ ਦੇ ਜਮਹੂਰੀ ਹੱਕ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਲਈ ਅਸੀਂ ਆਜ਼ਾਦੀ ਨਾਲ ਵਿਚਾਰ ਪ੍ਰਗਟ ਕਰਨ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦੀ ਜ਼ਬਰਦਸਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਅਤੇ ਆਪਣੇ ਆਜ਼ਾਦ ਵਿਚਾਰ ਪ੍ਰਗਟ ਕਰਨ ਦੇ ਜਮਹੂਰੀ ਹੱਕ ਨੂੰ ਬੁਲੰਦ ਕਰਦੇ ਹਾਂ।

ਮਤਾ ਨੰਬਰ 4

ਜਦ ਕਿ ਬਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀਆਂ ਸਾਰੀਆਂ ਜੱਥੇਬੰਦੀਆਂ ਦਾ ਫਰਜ਼ ਬਣਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਅਤੇ ਹਰਿਮੰਦਰ ਸਾਹਿਬ ਉਪਰ ਹੋਏ ਫੌਜੀ ਹਮਲੇ ਦੀ ਨਿਖੇਧੀ ਕਰਨ ਅਤੇ ਭਾਰਤੀ ਲੋਕਾਂ ਦੀ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਨ। ਅਜਿਹੇ ਦੁੱਖ ਭਰੇ ਮੌਕੇ ਤੇ ਕਈ ਜੱਥੇਬੰਦੀਆਂ ਨੇ ਚੁੱਪ ਧਾਰੀ ਹੋਈ ਹੈ ਅਤੇ ਉਹਨਾਂ ਦੀ ਇਹ ਚੁੱਪ ਪੰਜਾਬੀ ਲੋਕਾਂ ਵਿਚ ਪਾੜਾ ਪਾ ਰਹੀ ਹੈ ਅਤੇ ਇਸ ਤਰ੍ਹਾਂ ਉਹ ਮੌਕਾ ਪ੍ਰਸਤ ਅਨਸਰਾਂ ਲਈ ਮੌਕੇ ਦਾ ਨਾਜ਼ਾਇਜ਼ ਫਾਇਦਾ ਉਠਾਉਣ ਲਈ ਰਾਹ ਖੁਲ੍ਹਾ ਛੱਡ ਰਹੇ ਹਨ।

ਇਹਨਾਂ ਜੱਥੇਬੰਦੀਆਂ ਨੂੰ ਸਾਡੀ ਗੁਜ਼ਾਰਿਸ਼ ਹੈ ਕਿ ਉਹ ਸਮੁਚੇ ਹਿੰਦੋਸਤਾਨੀ ਲੋਕਾਂ ਲਈ ਆਪਣੀ ਜ਼ਿਮੇਂਵਾਰੀ ਨੂੰ ਪੂਰਾ ਕਰਨ।

ਗੁਰੂ ਘਰ ਡੈਲਟਾ-ਸਰੀ ਦਾ ਨਵਾਂ ਡੋਮ

ਡੈਲਟਾ — ਗੁਰੂ ਘਰ ਦੀ ਇਮਾਰਤ ਤੇ 6 ਜੁਲਾਈ 84 ਨੂੰ ਸੰਗਤਾਂ ਦੀ ਵੱਡੀ ਹਾਜ਼ਰੀ ਵਿਚ ਸਟੀਲ ਦਾ ਡੋਮ ਚੜਾਇਆ ਗਿਆ। ਇਹ ਡੋਮ ਆਸਟਰੇਲੀਆ ਤੋਂ ਬਨਵਾਇਆ ਗਿਆ ਹੈ — ਇਸ ਦੀਆਂ ਕੁਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :—

ਖੰਡਾ 6 ਫੁਟ ਹੈ। ਸਟੇਨਲੈਸ ਸਟੀਲ ਦੇ 60 ਬਾਰ ਹਨ। ਡੋਮ ਦਾ ਥੱਲੇ ਦਾ ਡਾਇਆਮੀਟਰ 26 ਫੁਅ ਹੈ ਅਤੇ ਵਿਚਕਾਰ ਵਿਚੋਂ ਇਹ ਡਾਇਆਮੀਟਰ 38 ਫੁਟ ਹੈ। ਇਸ ਦੀ ਕੁਲ ਉਚਾਈ 42 ਫੁੱਟ ਹੈ। ਇਸ ਦਾ ਕੁਲ ਵਜ਼ਨ 8 ਟਨ ਹੈ। ਗੁਰਦੁਆਰਾ ਸਾਹਿਬ 14 ਨਵੰਬਰ 1981 ਹੋ ਖੋਲਿਆ ਗਿਆ ਸੀ! ਇਸ ਦਾ ਡੀਜ਼ਾਈਨ ਮਿਸਟਰ ਡੀ.ਐਮ.ਸਾਰਟਰ ਨੇ ਕੀਤਾ ਸੀ। ਪਹਿਲਾਂ 72 ਬਾਰ ਲਾਉਣ ਦਾ ਵਿਚਾਰ ਸੀ ਪਰ 60 ਬਾਰ ਲਾਏ ਗਏ ਹਨ। ਇਸ ਡੋਮ ਤੇ ਕੁਲ ਲਾਗਤ 105000 ਡਾਲਰ ਲੱਗੀ ਹੈ।

ਕੈਲਗਿਰੀ ਵਿੱਚ ਅੰਮ੍ਰਿਤ ਪ੍ਰਚਾਰ

ਸਿੱਖ ਸੰਗਤਾਂ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਸਿੱਖ ਫੈਡਰੇਸ਼ਨ ਦੇ ਗੁਰੂ ਘਰ ਵਲੋਂ 15 ਜੁਲਾਈ 84 ਨੂੰ ਅੰਮ੍ਰਿਤ ਪ੍ਰਚਾਰ ਹੋਵੇਗਾ — ਸਭ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸਮੇਂ ਵਧ ਤੋਂ ਵਧ ਗਿਣਤੀ ਵਿੱਚ ਪੁਜੋ !

ਗੁਰੂ ਘਰ ਦਾ ਪਤਾ : — 2203 - 15 ਸਟਰੀਟ ਸਾਊਥ ਈਸਟ ਕੈਲਗਿਰੀ ਅਲਟਾ

ਕੈਨੇਡਾ ਵਿਚ ਫੈਡਰਲ ਚੋਣਾਂ

ਪ੍ਰਧਾਨ ਮੰਤਰੀ ਸ੍ਰੀ ਜਾਨ ਟਰਨਰ ਦੇ ਇਕ ਐਲਾਨ ਅਨੁਸਾਰ ਕੈਨੇਡਾ ਦੀਆਂ ਫੈਡਰਲ ਚੋਣਾਂ 4 ਸਤੰਬਰ ਤੋਂ ਕਰਵਾਈਆਂ ਜਾ ਰਹੀਆਂ ਹਨ। ਚੋਣਾਂ ਛੇਤੀ ਕਰਵਾਉਣ ਦੇ ਕਾਰਨ ਹੀ ਮਹਾਰਾਣੀ ਐਲਜ਼ਿਬਥ ਦਾ ਕੈਨੇਡਾ ਦੌਰਾ ਅਗਾਹਾਂ ਪਾ ਦਿਤਾ ਗਿਆ ਹੈ।

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S



PLUMBING & ELECTRICAL SUPPLY

4774 Main Street, (At 32nd.)

Vancouver, B.C.

PH: 872-3118 (Supply)

872-7227 (Service)

"Free customer parking at rear" OPEN SUNDAYS

JIM PATTISON

Pontiac Buick GMC TRUCKS

JIM PATTISON ON MAIN RES. 435-1834

SERVICE AFTER SALE

1984 ਦੀਆਂ ਨਵੀਆਂ ਕੈਡਲਿਕ ਖਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

GM

PARLAD GILL



BUS. 879-4233 3434 MAIN ST. VANCOUVER, B.C.

ਪੰਜਾਬ ਦਰਪਣ

ਬਠਿੰਡਾ ਜ਼ਿਲੇ 'ਚ ਫੌਜੀ ਕਾਰਵਾਈ ਬਿਨਾਂ ਖ਼ੂਨ ਖਰਾਬੇ ਦੇ ਹੋਈ — ਕਈ ਗ੍ਰਿਫਤਾਰ

ਬਠਿੰਡਾ — ਕੀ ਫੌਜ ਦੀ ਕਾਰਵਾਈ ਤੋਂ ਐਨ ਪਹਿਲਾਂ ਇਕ ਸਥਾਨਕ ਪੁਲੀਸ ਅਧਿਕਾਰੀ ਨੇ ਇਕ ਧਾਰਮਕ ਸਥਾਨ ਵਿਚ ਛੁਪੇ ਕੁਝ ਵਿਅਕਤੀਆਂ ਨੂੰ ਬਚ ਕੇ ਨਿਕਲ ਜਾਣ ਵਿਚ ਮਦਦ ਦਿਤੀ ?

ਫੌਜੀ ਕਾਰਵਾਈ ਸਮੇਂ ਕਥਿਤ ਤੌਰ ਤੇ ਭਾਰੀ ਗਿਣਤੀ ਵਿਚ ਹਥਿਆਰ ਅਤੇ ਅਸਲਾ ਫੜਿਆ ਗਿਆ। ਇਸ ਮੌਕੇ ਉਤੇ ਪੁਲੀਸ ਨੂੰ ਲੋੜੀਂਦੇ ਕਈ ਹੋਰ ਵਿਅਕਤੀ ਵੀ ਫੜੇ ਗਏ ਅਤੇ ਕਈ ਬਚ ਕੇ ਨਿਕਲ ਜਾਣ ਵਿਚ ਸਫਲ ਹੋ ਗਏ

ਜ਼ਿਲਾ ਅਧਿਕਾਰੀ ਇਸ ਸੰਭਾਵਨਾ ਨੂੰ ਰੱਦ ਨਹੀਂ ਕਰਦੇ ਕਿ ਫੌਜੀ ਕਾਰਵਾਈ ਦੇ ਮੌਕੇ ਉਤੇ ਇਕ ਪੁਲੀਸ ਅਧਿਕਾਰੀ ਨੇ ਕੁਝ ਵਿਅਕਤੀਆਂ ਨੂੰ ਨਿਕਲ ਜਾਣ ਵਿਚ ਮਦਦ ਦਿਤੀ।

ਅਸਲੀਅਤ ਤਾਂ ਇਹ ਹੈ ਕਿ ਰਾਜ ਸਰਕਾਰ ਨੂੰ ਪਹਿਲਾਂ ਹੀ ਇਕ ਡੀ ਐਸ ਪੀ ਬਾਰੇ ਸ਼ਕਾਇਤ ਕੀਤੀ ਜਾ ਚੁੱਕੀ ਹੈ। ਤਿੰਨ ਡੀ ਐਸ ਪੀ ਗੁਰਦਿਆਲ ਸਿੰਘ ਮਾਨ, ਹਰਦਮ ਸਿੰਘ ਗਰੇਵਾਲ ਅਤੇ ਹਰਨਾਮ ਸਿੰਘ ਨੂੰ ਫੌਜ ਗ੍ਰਿਫਤਾਰ ਕਰ ਚੁੱਕੀ ਹੈ।

ਇਕ ਸੂਚਨਾ ਅਨੁਸਾਰ ਗੁਰਦੁਆਰਾ ਹਾਜੀ ਰਤਨ , ਦਮਦਮਾ ਸਾਹਿਬ ਅਤੇ ਮਸਤੂਆਣਾ ਸਾਹਿਬ ਵਿਚ ਜਦੋਂ ਫੌਜ ਦਾਖਲ ਹੋਈ ਤਾਂ ਉਸ ਨੂੰ ਕਿਸੇ ਕਿਸਮ ਦੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ।

ਤਲਵੰਡੀ ਸਾਬੋ ਵਿਚ 274 ਵਿਅਕਤੀ ਗ੍ਰਿਫਤਾਰ ਕੀਤੇ ਗਏ ਜਿਨਾਂ ਵਿਚੋਂ 12 ਨੂੰ ਪੁੱਛ ਪੜਤਾਲ ਪਿਛੋਂ ਛੱਡ ਦਿਤਾ ਗਿਆ। ਗੁਰਦੁਆਰਾ ਹਜੀ ਰੋਤਨ ਵਿਚ 12 ਵਿਅਕਤੀ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਵਿਚੋਂ ਕੇਵਲ ਟੋ ਹਰਾਸਤ ਵਿਚ ਰੱਖੇ ਗਏ।

ਪੰਜਾਬ ਬਾਰੇ ਭਾਰਤ ਸਰਕਾਰ ਵਲੋਂ 'ਚਿੱਟਾ ਪੱਤਰ'

ਨਵੀਂ ਦਿੱਲੀ — ਭਾਰਤ ਸਰਕਾਰ ਨੇ ਪੰਜਾਬ ਵਿਚ ਫੌਜੀ ਕਾਰਵਾਈ ਨੂੰ ਉਚਿਤ ਕਰਾਰ ਦੇਣ ਲਈ 'ਚਿੱਟਾ ਪੱਤਰ' ਛਾਪ ਦਿਤਾ ਹੈ ਜਿਸ ਵਿਚ ਵਿਸਥਾਰ ਨਾਲ ਸਾਰੀ ਫੌਜੀ ਕਾਰਵਾਈ ਬਾਰੇ ਵਿਆਖਿਆ ਕੀਤੀ ਗਈ ਹੈ। ਕੁਝ ਖਬਰਾਂ ਅਨੁਸਾਰ ਇਸ ਪੱਤਰ ਤੇ ਜਨਤਾ ਖਾਸ ਕਰਕੇ ਸਿੱਖ ਜਨਤਾ ਸੰਤੁਸ਼ਟ ਨਹੀਂ ਹੈ।

ਭੁੱਟੋ ਦਾ ਜਲਾਦ ਵੀ ਚੱਲ ਗਿਆ

ਇਸਲਾਮਾਬਾਦ — ਇਕ ਖਬਰ ਅਨੁਸਾਰ ਤਾਰਾ ਮਸੀਹ ਨਾਂ ਦਾ ਪਾਕਿਸਤਾਨੀ ਜੱਲਾਦ ਜਿਸ ਨੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਭੁੱਟੋ ਨੂੰ ਫਾਂਸੀ ਲਾਈ ਸੀ ਦਿਮਾਗੀ ਖਰਾਬੀ ਦੇ ਕਾਰਨ ਮਰ ਗਿਆ ਹੈ। ਉਸ ਦੀ ਉਮਰ 55 ਸਾਲ ਦੱਸੀ ਗਈ ਹੈ।

ਪੰਜਾਬ ਦੇ ਨਵੇਂ ਰਾਜਪਾਲ ਨੇ ਪਦ ਸੰਭਾਲ ਲਿਆ

ਚੰਡੀਗੜ੍ਹ — (ਪੀ.ਟੀ.ਆਈ) ਮਿ. ਕੇ.ਟੀ ਸਤਾਰਵਾਲਾ ਨੇ ਪੰਜਾਬ ਦੇ ਨਵੇਂ ਰਾਜਪਾਲ ਵਜੋਂ ਆਪਣਾ ਪਦ ਸੰਭਾਲ ਲਿਆ। ਸ੍ਰੀ ਬੀ ਡੀ ਪਾਂਡੇ ਦੇ ਅਸਤੀਫੇ ਤੋਂ ਮਗਰੋਂ ਇਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਸੀ। ਸ੍ਰੀ ਪਾਂਡੇ ਨੇ ਵੂਹਨਾਂ ਤੇ ਹੋਈ ਅਲੋਚਨਾ ਕਾਰਨ ਅਸਤੀਫਾ ਦੇ ਦਿਤਾ ਸੀ

ਸ੍ਰੀ ਸਤਾਰਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਵੀ ਸ਼ਾਸਕ ਹੋਣਗੇ। ਸ੍ਰੀ ਸਤਾਰਵਾਲਾ ਨੂੰ ਦਿੱਲੀ ਏਸ਼ੀਆਡ ਅਤੇ ਦਿੱਲੀ ਵਿਚ ਹੋਏ ਸੱਤਵੇਂ ਸਿਖਰ ਸਮਾਗਮ ਦੇ ਮੌਕੇ ਤੇ ਵਧੀਆ ਜਥੇਬੰਧਕ ਸੇਵਾਵਾਂ ਕਰਨ ਤੇ ਪਦਮ ਭੂਸ਼ਨ ਨਾਲ ਸਨਮਾਨਤ ਕੀਤਾ ਗਿਆ ਸੀ।

ਮਹਾਰਾਸ਼ਟਰ ਦੇ ਨਗਰ ਸਤਾਰਾ ਦੇ ਜੰਮ ਪਲ ਸਤਾਰਵਾਲਾ ਗੁਜ਼ਰਾਤ, ਜੰਮੂ ਕਸ਼ਮੀਰ ਅਤੇ ਉੜੀਸਾ ਵਿਚ ਇਨ੍ਹਾਂ ਰਾਜਾ ਵਿਚ ਗਵਰਨਰੀ ਰਾਜ ਸਮੇਂ ਗਵਰਨਰਾਂ ਦੇ ਸਲਾਹਕਾਰ ਵਜੋਂ ਕੰਮ ਕਰ ਚੁੱਕੇ ਹਨ। ਉਹ ਘੱਟ ਗਿਣਤੀ ਕਮਿਸ਼ਨ ਦੇ ਵੀ ਮੈਂਬਰ ਸਨ।

ਸਹੁੰ ਚੁਕਣ ਦੀ ਰਸਮ ਸਮੇਂ ਸ੍ਰੀ ਭਜਨ ਲਾਲ, ਸ੍ਰੀ ਬਿਰਜ ਭੂਸ਼ਨ , ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ, ਪੰਜਾਬ ਤੇ ਹਰਿਆਣਾ ਦੇ ਵਿਧਾਇਕ ਰਾਜਪਾਲ ਦੂ ਸੁਰਿਖਆ ਸਲਾਹਕਾਰ ਲੈਫਟੀਨੈਂਟ ਜਨਰਲ ਆਰ ਐਸ ਦਿਆਲ ਅਤੇ ਦੋਹਾਂ ਰਾਜਾਂ ਤੇ ਕੇਂਦਰ ਸ਼ਾਸਦ ਪ੍ਰਦੇਸ ਦੇ ਅਫਸਰ ਹਾਜ਼ਰ ਸਨ।



ਮੰਗਲਵਾਰ ਨੂੰ ਪੰਜਾਬ ਰਾਜ ਭਵਨ ਵਿਚ ਪੰਜਾਬ ਦੇ ਰਾਜਪਾਲ ਸ੍ਰੀ ਭੈਰਵ ਦੱਤ ਪਾਂਡੇ ਨੂੰ ਪੁਲੀਸ ਦੇ ਇੰਸਪੈਕਟਰ ਜਨਰਲ ਸ੍ਰੀ ਪ੍ਰੀਤਮ ਸਿੰਘ ਭਿੰਡਰ ਅਲਵਿਦਾ ਆਖਦੇ ਹੋਏ । ਮੇਜਰ ਜਨਰਲ ਆਰ. ਕੇ. ਗੌੜ ਵੀ ਫੋਟੋ ਦੇ ਅਖੀਰ ਵਿਚ ਨਜ਼ਰ ਆ ਰਹੇ ਹਨ । ਫੋਟੋ : ਯੋਗ ਜੁਆਏ

ਦਰਬਾਰ ਸਾਹਿਬ ਮੁਕਤਸਰ ਦੀ ਪਰਕਰਮਾ ਚੌੜੀ ਹੋਵੇਗੀ

—ਮੁਕਤਸਰ ਸਥਿਤ ਇਤਿਹਾਸਕ ਗੁਰਦੁਆਰਾ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਦੀ ਪਰਕਰਮਾ ਹੋਰ ਚੌੜੀ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਸ਼ਰਧਾਲੂਆਂ ਨੂੰ ਸਹੂਲਤ ਹੋ ਸਕੇ । ਇਹ ਪਰਕਰਮਾ 12 ਫੁੱਟ ਤੋਂ ਵਧਾ ਕੇ 40 ਫੁੱਟ ਚੌੜੀ ਕਰਨ ਦਾ ਪ੍ਰੋਗਰਾਮ ਹੈ । ਫੌਜੀ ਅਧਿਕਾਰੀਆਂ ਵਲੋਂ ਗੁਰਦੁਆਰੇ ਦੀ ਇਮਾਰਤ ਅਤੇ ਬਾਰਾਂਦਰੀ ਦੀ ਮੁਰੰਮਤ ਦਾ ਕੰਮ ਜਾਰੀ ਹੈ ਅਤੇ ਇਕ ਦੋ ਦਿਨਾਂ ਵਿਚ ਮੁਕੰਮਲ ਹੋਣ ਦੀ ਆਸ ਹੈ ।

ਪ. ਟ. ਬ. ਅਨੁਸਾਰ ਬੁਧਵਾਰ ਨੂੰ ਸਵੇਰੇ ਪੰਜਾਬ ਰੋਡਵੇਜ਼ ਦੀਆਂ ਦੋ ਬੱਸਾਂ ਮੋਗਾ ਤੋਂ ਸ਼ਰਧਾਲੂਆਂ ਨੂੰ ਲੈ ਕੇ ਦਰਬਾਰ ਸਾਹਿਬ, ਅੰਮ੍ਰਿਤਸਰ ਲਈ ਰਵਾਨਾ ਹੋਣਗੀਆਂ । ਇਹ ਬੱਸਾਂ ਉਸੇ ਸ਼ਾਮ ਵਾਪਸ ਆ ਜਾਣਗੀਆਂ । ਇਸੇ ਤਰ੍ਹਾਂ ਸਨਿਚਰਵਾਰ ਨੂੰ ਉਪ ਮੰਡਲ ਹੈਡਕੁਆਟਰਜ਼ ਮੁਕਤਸਰ ਤੋਂ ਦੋ ਬੱਸਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਰਵਾਨਾ ਹੋਣਗੀਆਂ । ਇਨ੍ਹਾਂ ਬੱਸਾਂ ਵਿਚ 110 ਸ਼ਰਧਾਲੂ ਹੋਣਗੇ । ਇਹ ਜਾਣਕਾਰੀ ਉਪ ਮੰਡਲ ਮੈਜਿਸਟਰੇਟ ਅਮਰਜੀਤ ਸਿੰਘ ਨੇ ਦਿਤੀ ।

ਇਸੇ ਦੌਰਾਨ ਦਰਬਾਰ ਸਾਹਿਬ ਮੁਕਤਸਰ ਦਾ ਗੁਰਦੁਆਰਾ ਅਜ ਸਾਰਾ ਦਿਨ ਸ਼ਰਧਾਲੂਆਂ ਲਈ ਖੋਲ੍ਹਿਆ ਗਿਆ ਅਤੇ ਭਾਰੀ ਗਿਣਤੀ ਵਿਚ ਹਿੰਦੂ ਸਿੱਖਾਂ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ।

(ਪੰਨਾ । ਤੋਂ ਚਲਦੀ)

ਸ਼ਾਮਲ ਹੋਣ ਦਾ ਕਥਿਤ ਦੋਸ਼ ਸੀ। ਇਕ ਸੂਚਨਾ ਅਨੁਸਾਰ ਚੀਫ ਜੱਜ ਨੇ ਉਨ੍ਹਾਂ ਨੂੰ ਜੇਲ੍ਹ ਦੇ ਦਰਵਾਜ਼ੇ ਤੇ ਆਕੇ ਜੀ ਆਇਆਂ ਕਿਹਾ । ਚੀਫ ਜੱਜ ਨਾਲ ਦੋ ਜੱਜ ਹੋਰ ਵੀ ਸਨ ਅਤੇ ਇਹਨਾਂ ਦਾ ਵਕੀਲ ਮਿਸਟਰ ਹੈਰਨ ਵੀ ਸੀ। ਸੂਚਨਾ ਦੇਣ ਵਾਲੇ ਅਨੁਸਾਰ ਚੀਫ ਜੱਜ ਨੇ ਤਲਵਿੰਦਰ ਸਿੰਘ ਤੋਂ ਮੁਆਫੀ ਮੰਗੀ ਅਤੇ ਕਿਹਾ ਕਿ ਮੈਂ ਬਹੁਤ ਸਮਾਂ ਪਹਿਲਾਂ ਆਪ ਨੂੰ ਰਿਹਾ ਕਰ ਦਿੰਦਾ ਪਰ ਜ਼ਿਆਦਾ ਦਬਾਅ ਕਾਰਨ ਅਜੇਹਾ ਨਾ ਹੋ ਸਕਿਆ ਖਾਸ ਕਰ ਭਾਰਤ ਸਰਕਾਰ ਦਾ ਕਾਫੀ ਦਬਾਅ ਸੀ ਪਰ ਮੈਂ ਤੁਹਾਨੂੰ ਰਿਹਾ ਕਰਕੇ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

ਦੂਜੇ ਪਾਸੇ ਭਾਰਤ ਸਰਕਾਰ ਦੇ ਤਿੰਨ ਮੁਖੀ ਜੱਜ, ਸੀ.ਬੀ.ਆਈ. ਦੇ ਪੰਜ ਉਚ ਅਧਿਕਾਰੀ ਅਤੇ ਭਾਰਤ ਦੇ ਬਦੇਸ਼ੀ ਵਿਭਾਗ ਦਾ ਇਕ ਅਧਿਕਾਰੀ ਤਲਵਿੰਦਰ ਸਿੰਘ ਦੀ ਰਿਹਾਈ ਸਮੇਂ ਵੀ ਭਾਰਤੀ ਐਂਬਸੀ ਵਿੱਚ ਮੌਜੂਦ ਸਨ ਕਿ ਕਿਵੇਂ ਨਾ ਕਿਵੇਂ ਜਰਮਨ ਸਰਕਾਰ ਉਸ ਨੂੰ ਭਾਰਤੀ ਅਧਿਕਾਰੀਆਂ ਦੇ ਹਵਾਲੇ ਕਰ ਦੇਵੇ ।

ਜਥੇਦਾਰ ਤਲਵਿੰਦਰ ਸਿੰਘ ਦੇ ਅਗਲੇ ਪ੍ਰੋਗਰਾਮ ਬਾਰੇ ਪੁੱਛੇ ਜਾਣ ਤੇ ਉਨ੍ਹਾਂ ਦੇ ਇਕ ਬੁਲਾਰੇ ਵਲੋਂ ਕਿਹਾ ਗਿਆ ਕਿ ਇੰਦਰਾ ਸਰਕਾਰ ਨੇ ਜੋ ਹੈਂਕੜਬਾਜ਼ੀ ਨਾਲ ਅੰਮ੍ਰਿਤਸਰ ਤੇ ਹਮਲਾ ਕੀਤਾ ਹੈ ਸਾਡਾ ਇਹ ਫੈਸਲਾ ਹੈ ਕਿ ਸਾਲੀਆਂ ਕੋਈ ਮੰਗਾਂ ਨਹੀਂ ਰਹਿ ਗਈਆਂ। ਇੰਦਰਾ ਗਾਂਧੀ ਨੇ ਖਾਲਸਾ ਰਾਜ ਦੀ ਆਪ ਹੀ ਨੀਂਹ ਰੱਖ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਿੱਖ ਕੌਮ ਨੂੰ ਯਕੀਨ ਦਬਾਉਂਦੇ ਹਾਂ ਕਿ ਸ਼੍ਰੀਮਤੀ ਗਾਂਧੀ ਆਪ ਕਹੇਗੀ ਕਿ ਤੁਸੀਂ ਚਾਹੁੰਦੇ ਕੀ ਹੋ? ਉਨ੍ਹਾਂ ਕਿਹਾ ਕਿ ਅਸੀਂ ਆਪਣੀ ਕੌਮ ਦੇ ਲੀਡਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਘਰੋ ਘਰੀਂ ਬੈਠਣ ਅਸੀਂ ਇਹ ਹਿਸਾਬ ਚੁਕਾਵਾਂਗੇ।

ਛੋਟੇ ਕਿਸਾਨਾਂ ਦੀ ਮਾਲੀ ਹਾਲਤ ਮਾੜੀ

ਪਟਿਆਲਾ. (ਵਿਸ਼ੇਸ਼ ਪ੍ਰਤੀਨਿਧ) — ਪਟਿਆਲਾ ਕਿਸਾਨ ਸਭਾ (ਸੀ. ਪੀ. ਆਈ.) ਦੀ ਵਰਕਿੰਗ ਕਮੇਟੀ ਨੇ ਕਲ੍ਹ ਇਥੇ ਇਕ ਮੀਟਿੰਗ ਦੌਰਾਨ ਦਸਿਆ ਕਿ ਜ਼ਿਲ੍ਹੇ ਦੇ ਛੋਟੇ ਕਿਸਾਨਾਂ ਦੀ ਆਰਥਿਕ ਹਾਲਤ ਕਾਫੀ ਮਾੜੀ ਹੋ ਗਈ ਹੈ । ਮੀਟਿੰਗ ਦੀ ਪ੍ਰਧਾਨਗੀ ਸ੍ਰੀ ਜਗੀਰ ਸਿੰਘ ਜੋਨਪੁਰਾ ਨੇ ਕੀਤੀ ।

ਸਭਾ ਦੇ ਜਨਰਲ ਸਕੱਤਰ ਸ੍ਰੀ ਸੁਰਜੀਤ ਸਿੰਘ ਢਿਲੋਂ ਵਲੋਂ ਪੇਸ਼ ਕੀਤਾ ਗਿਆ ਇਹ ਮਤਾ ਪਾਸ ਕਰਕੇ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਜਿਹੜੇ ਕਿਸਾਨਾਂ ਦੀ ਜ਼ਮੀਨ ਸਾਢੇ ਸੱਤ ਕਿਲੇ ਹੈ ਉਨ੍ਹਾਂ ਵਲੋਂ ਲਏ ਗਏ ਸਹਿਕਾਰੀ ਕਰਜ਼ਿਆਂ ਦੀ ਅਦਾਇਗੀ ਦਾ ਸਮਾਂ ਵਧਾਇਆ ਜਾਵੇ ।

BOMBAY SWEETS

& Restaurants

6556 - 6560 MAIN ST. VANCOUVER

Ph. 321-1414

874-5722

For Largest Variety in Indian Sweets

Delicious Indian food

S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

ਦਲਜੀਤ ਸਿੰਘ ਸਿੱਧੂ

Autoplan

1984 INSURANCE & LICENCE

RENEW EARLY INSURANCE

* FINANCING AVAILABLE
* SAFE DRIVING DISCOUNT (if eligible)

Ph. 324-5711

ਹਰਦੇਵ ਸਿੰਘ ਗਿੱਲ

324-5711

THE CANADA DARPAN

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਹੁਣ ਵਾਰੀ ਕਸ਼ਮੀਰ ਦੀ

ਆਸਾਮ , ਸਿਕਮ ਤੇ ਪੰਜਾਬ ਪਿਛੋਂ ਹੁਣ ਵਾਰੀ ਜੰਮੂ ਕਸ਼ਮੀਰ ਦੀ ਆ ਗਈ ਹੈ। ਆਸਾਮ ਦਾ ਮਸਲਾ ਅਜੇ ਓਵੇਂ ਦਾ ਓਵੇਂ ਲਟਕ ਰਿਹਾ ਹੈ, ਸਿਕਮ ਵਿਚ ਮੁੜ ਸਾਬਕਾ ਮੁਖ ਮੰਤਰੀ ਸ੍ਰੀ ਭੰਡਾਰੀ ਦੀ ਵਜ਼ਾਰਤ ਬਣ ਜਾਣ ਦੀਆਂ ਕਿਆਸ ਅਰਾਈਆਂ ਹੋ ਰਹੀਆਂ ਹਨ, ਪੰਜਾਬ ਦੇ ਲੋਕ ਫੌਜੀ ਰਾਜ ਖਤਮ ਕੀਤੇ ਜਾਣ ਬਾਰੇ ਦੁਹਾਈ ਪਾ ਰਹੇ ਹਨ ਤੇ ਇੰਦਰਾ ਕਾਂਗਰਸ ਨੇ ਆਪਣਾ ਮੁਹਾਣ ਮੁੜ ਜੰਮੂ ਕਸ਼ਮੀਰ ਵਲ ਮੋੜ ਲਿਆ ਹੈ। ਫਾਰੂਖ ਦੀ ਪਾਇਦਾਰ ਵਜ਼ਾਰਤ ਨੂੰ ਤੋੜਨ ਲਈ ਹੀ ਲੈਫਟੀਨੈਂਟ ਗਵਰਨਰ ਸ੍ਰੀ ਜਗਮੋਹਨ ਨੂੰ ਦਿੱਲੀ ਤੋਂ ਬਦਲ ਕੇ ਉਥੇ ਭੇਜਿਆ ਗਿਆ ਜਦੋਂ ਪਹਿਲੇ ਗਵਰਨਰ ਸ੍ਰੀ ਬੀ.ਕੇ ਨਹਿਰੂ ਨੇ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਖੇਲਣ ਤੋਂ ਇਨਕਾਰ ਕਰ ਦਿੱਤਾ। ਬਾਰਾਂ ਵਿਧਾਇਕ ਨੈਸ਼ਨਲ ਕਾਂਗਰਸ ਦੇ ਖਰੀਦੇ ਗਏ ਅਤੇ ਸ੍ਰੀ ਜੀ.ਐਮ.ਸ਼ਾਹ ਨੂੰ ਰਾਜ ਦੇ ਮੁਖ ਮੰਤਰੀ ਵਜੋਂ ਥਾਪ ਦਿੱਤਾ ਗਿਆ।

ਕੇਂਦਰ ਸਰਕਾਰ ਤੇ ਕਾਬਜ਼ ਧੜਾ ਮੁੜ ਅਜੇਹੀਆਂ ਹਰਕਤਾਂ ਵਲ ਪਰਤ ਰਿਹਾ ਹੈ ਜਿਸ ਦਾ ਸਪਸ਼ਟ ਕਾਰਨ ਇੱਕੋ ਹੈ ਕਿ ਕਿਸੇ ਤਰਾਂ ਲੋਕ ਸਭਾ ਦੀਆਂ ਚੋਣਾਂ ਵਿੱਚ ਬਹੁ ਗਿਣਤੀ ਹਾਸਲ ਕੀਤੀ ਜਾ ਸਕੇ। ਸਭ ਤੋਂ ਵਧ ਸ਼ਿਕਵਾ ਵਿਰੋਧੀ ਪਾਰਟੀਆਂ ਤੇ ਕੀਤਾ ਜਾਣਾ ਚਾਹੀਦਾ ਹੈ ਜੋ ਕਿਸੇ ਵੀ ਕੀਮਤ ਤੇ ਆਪਣੇ ਮਤਭੇਦਾਂ ਨੂੰ ਤਿਆਗਣ ਲਈ ਤਿਆਰ ਨਹੀਂ ਹਨ। ਸੂਬਾਈ ਪਾਰਟੀਆਂ ਹਰ ਥਾਂ ਖੁੰਬਾਂ ਵਾਂਗ ਨਿਕਲਣ ਲੱਗ ਪਈਆਂ ਹਨ ਇਨ੍ਹਾਂ ਦਾ ਉਦੇਸ਼ ਕੇਵਲ ਸੂਬੇ ਦੀ ਵਜ਼ਾਰਤ ਤਕ ਕਬਜ਼ਾ ਕਰਨ ਤਕ ਹੀ ਸੀਮਤ ਰਹਿੰਦਾ ਹੈ। ਜੋ ਪਾਰਟੀਆਂ ਆਪਣੇ ਆਪ ਨੂੰ ਕੌਮੀ ਸਮਝਦੀਆਂ ਹਨ ਉਹਨਾਂ ਦਾ ਅਸਰ ਰਸੂਖ ਵੀ ਟਾਂਵੇਂ ਆਵੇਂ ਸੂਬੇ ਤਕ ਹੀ ਸੀਮਤ ਹੈ ਇਸੇ ਕਾਰਨ ਕਾਂਗਰਸ ਵਾਂਗ ਉਨ੍ਹਾਂ ਦੀਆਂ ਸੂਬਾਈ ਇਕਾਈਆਂ ਵੀ ਵਖ ਵਖ ਪੈਂਤੜੇ ਅਪਨਾਉਂਦੀਆਂ ਹਨ, ਇਸੇ ਕਾਰਨ ਸੂਬਿਆਂ ਵਿਚ ਤਰਥੱਲੀ ਮੱਚੀ ਰਹਿੰਦੀ ਹੈ।

ਕਾਂਗਰਸ ਦੇ ਵਿਰੋਧ ਵਿੱਚ ਜਿਨਾਂ ਚਿਰ ਕੌਮੀ ਪੱਧਰ ਤੇ ਬਦਲ ਸਾਹਮਣੇ ਨਹੀਂ ਆਉਂਦਾ ਉਨ੍ਹਾਂ ਚਿਰ ਅਜੇਹੀ ਅਸਥਿਰਤਾਈ ਨਜ਼ਰ ਆਉਂਦੀ ਹੈ।

ਅਜ ਦਾ ਵਿਚਾਰ

ਬੁਧੀਮਾਨਤਾ ਦੀ ਸੰਪੂਰਨਤਾ ਨੇਕ ਕਰਣੀ ਵਿਚ ਹੈ। ਇਸ ਤੋਂ ਬਿਨਾ ਲਿਆਕਤ ਕੋਈ ਲਿਆਕਤ ਨਹੀਂ।

—ਗੁਰੂ ਨਾਨਕ

ਭਾਂਬੜ ਉਠਣਗੇ ਛੇਤੀ

ਕੇਸਰ ਸਿੰਘ

ਮੇਰੇ ਦੁਆਲੇ
ਵਾੜਾਂ ਬਣਾਉਣ ਵਾਲਿਓ
ਮੇਰੇ ਲਈ
ਉਚੇਚੇ
ਪਿੰਜਰੇ ਘੜਾਉਣ ਵਾਲਿਓ
ਤੁਹਾਨੂੰ
ਮੇਰੇ ਲੋਕਾਂ ਦੇ ਜਿਗਰਾਂ 'ਚ
ਮੱਘਦੀ ਅੱਗ ਦਾ
ਕੋਈ ਅੰਦਾਜ਼ਾ ਨਹੀਂ,
ਭਾਂਬੜ ਉਠਣਗੇ ਛੇਤੀ
ਵਾੜੇ ਟੁਟਣਗੇ ਛੇਤੀ
ਤੁਹਾਡੇ ਪਿੰਜਰੇ
ਢਲ ਜਾਣਗੇ
ਜਿਉਂ ਮੋਮ ਢਲਦੀ ਹੈ।

"ਹੁਣ ਅਸੀਂ ਅੱਗੇ ਨਾਲੋਂ ਸਟਰਾਂਗ ਹੋ ਗਈਆਂ ਹਾਂ"

(ਹਾਸ ਫਾਰਮਿੰਗ ਲਿਮਿਟਡ, ਲੈਂਗਲੀ ਵਿੱਚ ਮਸ਼ਰੂਮ ਫਾਰਮ ਵਿਚ ਕੰਮ ਕਰਦੀਆਂ ਮਸ਼ਰੂਮ ਪਿਕ ਕਰਨ ਵਾਲੀਆਂ ਔਰਤਾਂ ਨੇ ਕੰਮ ਦੀਆਂ ਹਾਲਤਾਂ ਤੋਂ ਤੰਗ ਆਕੇ ਹਾਲਤਾ ਨੂੰ ਸੁਧਾਰਨ ਲਈ ਇਸ ਫਾਰਮ ਵਿੱਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਬਣਾਉਣ ਦਾ ਫੈਸਲਾ ਕੀਤਾ। ਜਦੋਂ ਇਸ ਗੱਲ ਦਾ ਮਾਲਕ ਨੂੰ ਪਤਾ ਲੱਗਾ ਤਾਂ ਉਸ ਨੇ 27 ਮਈ ਨੂੰ 5 ਔਰਤਾਂ ਕੰਮ ਤੋਂ 'ਫਾਇਰ' ਕਰ ਦਿਤੀਆਂ। ਅਗਲੀ ਸਵੇਰ (28 ਮਈ) ਨੂੰ ਛੇ ਹੋਰ ਔਰਤਾਂ ਨੂੰ ਕੰਮ ਤੋਂ ਫਾਇਰ ਕਰ ਦਿਤਾ। 7 ਜੂਨ ਨੂੰ ਮਾਲਕ ਨੇ 28 ਜੂਨ ਨੂੰ ਫਾਇਰ ਕੀਤੀਆਂ ਛੇ ਔਰਤਾਂ ਨੂੰ ਕੰਮ ਤੇ ਵਾਪਿਸ ਬੁਲਾ ਲਿਆ। ਇਸ ਸਮੇਂ ਇਹ ਗਿਆਰਾਂ ਔਰਤਾਂ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ (CANADIAN FARM WORKERS UNION) ਦੀ ਮਦਦ ਨਾਲ ਬਾਕੀ ਦੀਆਂ ਪੰਜ ਔਰਤਾਂ ਨੂੰ ਉਹਨਾਂ ਦੇ ਕੰਮ 'ਤੇ ਵਾਪਿਸ ਬੁਲਾਉਣ ਅਤੇ ਯੂਨੀਅਨ ਦੀ ਸਰਟੀਫੀਕੇਸ਼ਨ ਲਈ ਆਪਣੀ ਲੜਾਈ ਲੜ ਰਹੀਆਂ ਹਨ। ਐਸ ਵੇਲੇ ਉਨ੍ਹਾਂ ਦਾ ਕੇਸ ਬੀ.ਸੀ. ਦੀ ਲੇਬਰ ਰੀਲੇਸ਼ਨਜ਼ ਬੋਰਡ ਦੇ ਸਾਹਮਣੇ ਹੈ। ਇਹ ਮੁਲਾਕਾਤ ਇਨ੍ਹਾਂ ਔਰਤਾਂ ਵਿੱਚੋਂ ਛੇ ਨਾਲ ਲੇਬਰ ਰੀਲੇਸ਼ਨਜ਼ ਬੋਰਡ ਵਿਖੇ 22 ਜੂਨ, 84 ਨੂੰ ਕੀਤੀ ਗਈ)

ਮੁਲਾਕਾਤੀ : ਵੈਨਕੂਵਰ ਸੱਥ (ਸੁਖਵੰਤ ਹੁੰਦਲ, ਸਾਧੂ)

ਸੁਆਲ: ਸਾਨੂੰ ਇਹ ਦੱਸੋ ਕਿ ਮਸ਼ਰੂਮ ਪਿਕ ਕਰਨ ਦਾ ਕੰਮ ਕਿਸ ਤਰ੍ਹਾਂ ਦਾ ਹੈ?
ਇੱਕ : ਮੈਂ ਹੋਰ ਕੋਈ ਕੰਮ ਅਜੇ ਕਰਿਆ ਹੀ ਨੀ, ਇਹੀ ਪਹਿਲਾ ਕੰਮ ਐ, ਮੈਨੂੰ ਤਾਂ ਸੌਖਾ ਲਗਦਾ ਐ।
ਸੁਆਲ: ਕਿੱਦਾਂ ਦਾ ਕੰਮ ਹੈ?
ਇਕ : ਮੈਂ ਹੋਰ ਕੋਈ ਕੰਮ ਕੀਤਾ ਈ ਨੀ, ਕੀਹਦੇ ਨਾਲ ਮੁਕਾਬਲਾ ਕਰਾਂ?
ਦੂਜੀ : ਕੰਮ ਔਖਾ ਲਗਦਾ ਐ।
ਤੀਜੀ : ਇਹ ਜਿਹੜਹ ਮਸ਼ਰੂਮ ਫਾਰਮ ਦਾ ਸਾਡਾ ਕੰਮ ਐ ਇਹ ਸਾਨੂੰ ਕੁਝ ਔਖਾ ਲਗਦਾ। ਕਿਉਂਕਿ ਕਈ ਵਾਰੀ ਸਾਨੂੰ ਬੈਂਚ ਬਾਲਟੀਆਂ ਤੇ ਹੈਂਗਰ ਚੁੱਕ ਕੇ ਰੱਖਣੇ ਪੈਂਦੇ ਆ। ਇਕ ਵਾਰ ਸਾਨੂੰ ਬੈਂਚਾਂ ਤੇ ਚੜ੍ਹਨਾ ਪੈਂਦਾ ਹੈ, ਦੂਜੀ ਵਾਰੀ ਕੋਡੇ ਹੋਕੇ ਮਿਡਲ ਵਿਚੋਂ ਮਸ਼ਰੂਮ ਕੱਢਣੇ ਪੈਂਦੇ ਹਨ। ਤੀਜੀ ਵਾਰ ਬਾਟਮ Bottom 'ਤੇ ਬਹਿ ਕੇ ਕੰਮ ਕਰਨਾ ਪੈਂਦਾ ਹੈ।
? : ਪਹਿਲਾਂ ਕਿਸੇ ਵੀ ਵੀ ਹੋਰ ਕਿਤੇ ਕੰਮ ਨਹੀਂ ਕੀਤਾ?
ਇਕ : ਹਾਂ, ਕਈਆਂ ਨੇ ਦੂਜੇ ਫਾਰਮਾਂ(ਰਸਬੇਰੀ ਜਾਂ ਸਟਰਾ ਬੇਰੀ ਤੋੜਨ ਦਾ ਕੰਮ) ਵਿਚ ਕੀਤਾ ਐ।
? : ਉਹਦੇ ਮੁਕਾਬਲੇ ਇਹ ਕੰਮ ਕਿਸ ਤਰ੍ਹਾਂ ਦਾ ਹੈ?
ਇੱਕ : ਉਹਦੇ ਨਾਲੋਂ ਤਾਂ ਗੁੱਡ ਐ।
ਦੂਜੀ : ਫਾਰਮਾਂ ਨਾਲੋਂ ਤਾਂ ਇਹ ਕੰਮ ਸੌਖਾ ਹੈ। ਪਰ ਦੂਜੇ ਜਿਵੇਂ ਰੈਸਟੋਰੈਂਟਾਂ ਜਾਂ ਕੈਨਰੀ ਦਾ ਕੰਮ ਹੈ, ਉਸ ਨਾਲੋਂ ਇਹ ਔਖਾ ਐ। ਉਥੇ ਪੇ ਇਥੇ ਨਾਲੋਂ ਜ਼ਿਆਦਾ ਐ। ਉਥੇ ਬੰਦੇ ਨੂੰ ਪਤਾ ਐ ਬਈ ਅੱਠ ਘੰਟੇ ਕੰਮ ਕਰਕੇ ਘਰ ਨੂੰ ਚਲੇ ਜਾਣਾ ਐ —— ਜੇ ਅੱਠ ਤੋਂ ਉਪਰ ਕੰਮ ਕਰੂਗਾ ਤਾਂ ਉਸਦਾ ਓਵਰਟਾਈਮ ਮਿਲੂਗਾ। ਇਥੇ ਕੋਈ ਓਵਰਟਾਈਮ ਨਹੀਂ —— ਨਾ ਹੀ ਇਥੇ ਕੰਮ ਦੀ ਲਿਮਿਟ ਐ—— ਕਦੇ ਚਾਰ ਘੰਟੇ ਕੰਮ ਕਰਕੇ ਘਰ ਨੂੰ ਚਲੇ ਜਾਈਦਾ ਹੈ ਕਦੇ ਰਾਤ ਦੇ ਬਾਰਾਂ ਵਜੇ ਤਕ ਬਾਰਾਂ ਬਾਰਾਂ ਘੰਟੇ ਕੰਮ ਕਰਨਾ ਪੈਂਦਾ ਐ।
? : ਅੱਛਾ , ਜੇ ਤੁਹਾਨੂੰ ਕੈਨਰੀਆਂ ਜਾਂ ਹੋਰ ਕਿਤੇ ਕੰਮ ਜਿਥੇ ਯੂਨੀਅਨ ਹੋਵੇ ਵਾਂਗ ਸਹੂਲਤਾਂ ਮਿਲ ਜਾਣ, ਜਿਥੇ ਤੁਹਾਡੇ ਕੋਲ ਵਾਸ਼ਰੂਮ ਵੀ ਹੋਵੇ, ਓਵਰਟਾਈਮ ਮਿਲੇ, ਲੰਚ ਰੂਮ ਹੋਵੇ, ਕੰਪਨਸੇਸ਼ਨ ਮਿਲਦਾ ਹੋਵੇ ਆਦਿ, ਤਾਂ ਤੁਸੀਂ ਇਸ ਕੰਮ ਬਾਰੇ ਕਿਸ ਤਰਾਂ ਮਹਿਸੂਸ ਕਰੋਗੀਆਂ। ਮਤਲਬ ਜਿਹੜਾ ਇਹ ਕੰਮ ਹੈ ਉਹ ਆਪਣੇ ਆਪ ਵਿੱਚ ਕਿਨਾਂ ਕੁ ਔਖਾ ਲਗਦਾ ਹੈ? ਫੇਰ ਤੁਹਾਨੂੰ ਤਸੱਲੀ ਹੋਊਗੀ ਇਸ ਕੰਮ ਨਾਲ?
ਇੱਕ : ਹਾਂ ਫੇਰ ਤਾਂ ਗੁੱਡ ਹੋਊ——
ਦੂਜੀ : ਗੁੱਡ ਹੋਊ ਫੇਰ ਤਾਂ ——
ਤੀਜੀ : ਹਾਂ ਜਿਸ ਤਰ੍ਹਾਂ ਅਸੀਂ ਹੁਣ ਕੰਮ ਕਰਦੀਆਂ ਹਾਂ ਉਸ ਨਾਲੋਂ ਤਾਂ ਬਹੁਤ ਗੁੱਡ ਹੋਊਗਾ। ਪਰ ਫਿਰ ਵੀ ਏਨਾ ਗੁੱਡ ਨੀ ਹੋਊਗਾ ਜਿੰਨਾਂ ਕੈਨਰੀਆਂ ਦਾ ਐ —— ਉਥੇ ਤਾਂ ਅੱਠ ਘੰਟੇ ਕੰਮ ਕਰਕੇ ਬੰਦਾ ਸੋਚ ਲੈਂਦਾ ਕਿ ਕੰਮ ਮੁੱਕ ਗਿਆ, ਪਰ ਇਥੇ ਤਾਂ ਪਤਾ ਨਹੀਂ ਕਿਨਾ ਟਾਈਮ ਲਗਦਾ। ਉਹਦੇ (ਕੈਨਰੀਆਂ) ਜਿੰਨਾਂ ਗੁੱਡ ਨਹੀਂ ਹੋ ਸਕਦਾ। ਹਾਂ ਐਸ ਨਾਲੋਂ ਤਾਂ ਗੁੱਡ ਹੋ ਸਕਦਾ ਐ।
? : ਹਾਸ ਫਾਰਮ ਵਿੱਚ ਜਿਥੇ ਤੁਸੀਂ ਕੰਮ ਕਰਦੀਆਂ ਹੋ ਜਾਂ ਕਰਦੀਆਂ ਸੀਗੀਆਂ, ਉਹਦੇ ਵਿੱਚ ਤੁਹਾਨੂੰ ਕੀ ਕੀ ਸਹੂਲਤਾਂ ਸਨ?
(ਇਹਦੇ ਜੁਵਾਬ ਵਿੱਚ ਸਾਰੀਆਂ ਜ਼ੋਰ ਨਾਲ ਹੱਸਦੀਆਂ ਹਨ)
ਇੱਕ : "ਸਾਰੀਆਂ ਸਹੂਲਤਾਂ ਹੀ ਸਨ" ਮਹੀਨੇ ਬਾਅਦ ਪੇ ਮਿਲਦੀ ਸੀ।
ਦੂਜੀ : ਸਹੂਲਤਾਂ ਕੋਈ ਨਹੀਂ ਸਨ, ਜੇ ਤੁਸੀਂ ਸਾਨੂੰ ਜਿਹੜੀਆਂ ਸਹੂਲਤਾਂ ਨਹੀਂ ਸਨ — ਉਹਨਾਂ ਬਾਰੇ ਪੁੱਛੋ ਤਾਂ ਦੱਸ ਸਕਦੀਆਂ ਹਾਂ।
? : ਮੇਰਾ ਮਤਲਬ ਐ ਜਦੋਂ ਅਸੀਂ ਤੁਹਾਨੂੰ ਉਥੋਂ ਦੀਆਂ ਸਹੂਲਤਾਂ ਬਾਰੇ ਪੁੱਛਦੇ ਹਾਂ ਤਾਂ ਜੇ ਉਥੇ ਕੋਈ ਸਹੂਲਤ ਨਹੀਂ ਸੀ ਤਾਂ ਤੁਸੀਂ ਉਸ ਬਾਰੇ ਦੱਸ ਸਕਦੇ ਹੋ। ਅਸੀਂ ਚਾਹੁੰਦੇ ਹਾਂ ਕਿ ਅਸੀਂ ਇਹ ਸੁਆਲ ਤੁਹਾਨੂੰ ਪਾਜ਼ੇਟਿਬਲੀ ਪੁੱਛੀਏ।
ਇਕ : ਹੈ ਈ ਨਹੀਂ।
ਦੂਜੀ : ਕੋਈ ਵੀ ਸਹੂਲਤ ਨਹੀਂ।
? : ਚੰਗਾ, ਤੁਸੀਂ ਇਹ ਦੱਸੋਕਿ ਤੁਹਾਡੇ ਖਿਆਲ ਵਿੱਚ ਉਥੇ ਕਿਹੜੀ ਕਿਹੜੀ ਸਹੂਲਤ ਨਹੀਂ ਹੈ?
ਇੱਕ : ਨਾ ਇਸ ਫਾਰਮ ਵਿੱਚ ਕੋਈ ਵਾਸ਼ਰੂਮ ਐ, ਨਾ ਲੰਚ ਰੂਮ, ਨਾ ਟੁਆਲੇਟ, ਨਾ ਲਾਈਟਾਂ ਪੂਰੀਆਂ, ਨਾ ਇਥੇ ਕੋਈ ਓਵਰਟਾਈਮ ਮਿਲਦਾ ਤੇ ਕੰਮ ਦੀ ਕੋਈ ਲਿਮਿਟ ਨਹੀਂ।
ਦੂਜੀ : ਨਾ ਓਵਰਟਾਈਮ ਹੈ, ਨਾ ਕੰਮ ਤੇ ਲੱਗਣ ਦਾ ਟਾਈਮ ਹੈ ਨਾ ਹਟਣ ਦਾ ਟਾਈਮ ਐ। ਕਦੇ ਅਸੀਂ ਛੇ ਵਜੇ ਸਟਾਰਟ ਕਰਦੀਆਂ ਕਦੇ ਸੱਤ ਵਜੇ, ਕਦੇ ਅੱਠ ਵਜੇ ਸਟਾਰਟ ਕਰਦੀਆਂ ਹਾਂ।
ਤੀਜੀ : ਜਦੋਂ ਮਾਲਕ ਕਹਿੰਦਾ ਹੈ ਓਦੋਂ ਅਸੀਂ ਸਟਾਰਟ ਕਰਦੇ ਹਾਂ, ਆਪਣੀ ਮਰਜ਼ੀ ਨਾਲ ਥੋੜਾ ਕਰਦੇ ਹਾਂ?
ਇੱਕ : ਨਾ ਕੋਈ ਹਾਲੀਡੇ ਹੁੰਦੀ ਹੈ।
ਦੂਜੀ : ਵੀਕ-ਐਂਡ 'ਤੇ ਛੁੱਟੀ ਨਹੀਂ ਹੁੰਦੀ, ਵੀਕ ਦੇ ਵਿਚਾਲੇ ਬੇਸ਼ਕ ਅਸੀਂ ਪੰਜ ਪੰਜ ਦਿਨ ਵਿਹਲੀਆਂ ਬੈਠੀਆਂ ਰਹੀਏ।
ਤੀਜੀ : ਜੇ ਅਸੀਂ ਕਲ੍ਹ ਨੂੰ ਬੀਮਾਰ ਹੋ ਜਾਈਏ ਤਾਂ ਸਾਨੂੰ ਤਿੰਨ ਦਿਨ ਪਹਿਲਾਂ ਦਸਣਾ ਪੈਂਦਾ ਹੈਕਿ ਅਸੀਂ ਪਰਸੋਂ ਨੂੰ ਬੀਮਾਰ ਹੋਣਾ ਹੈ (ਇਥੇ ਫੇਰ ਸਾਰੀਆਂ ਇਕ ਦਮ ਹੱਸ ਪੈਂਦੀਆਂ ਹਨ)
? : ਹਾਂ ਜੀ ਤੁਸੀਂ ਛੁਟੀਆਂ ਬਾਰੇ ਤਾਂ ਗੱਲਬਾਤ ਕੀਤੀ ਹੈ। ਤੁਸੀਂ ਇਹ ਦੱਸੋ ਕਿ ਤੁਹਾਨੂੰ ਕਿੰਨੇ ਘੰਟੇ ਕੰਮ ਕਰਨਾ ਪੈਂਦਾ ਹੈ। ਕਦੇ ਤੁਸੀਂ ਛੇ ਵਜੇ ਕੰਮ ਸਟਾਰਟ ਕਰਦੀਆਂ ਹੋ, ਕਦੇ ਸੱਤ ਵਜੇ ਤੇ ਕਦੇ ਅੱਠ ਵਜੇ। ਤੁਸੀਂ ਹਟਦੀਆਂ ਕਦੋਂ ਹੋ?
ਇਕ : ਜਦੋਂ ਅਸੀਂ ਲਾਸਟ ਮਸ਼ਰੂਮ ਤੋੜ ਲਈਏ। ਲਾਸਟ ਮਸ਼ਰੂਮ ਤੋੜਨਾ ਸਾਡਾ ਫਿਨਿਸ਼ੰਗ ਟਾਈਮ ਹੈ।
ਦੂਜੀ : ਕੀ ਪਤਾ ਕੰਮ ਨੌਂ ਵਜੇ ਮੁੱਕ ਜਾਣਾ ਹੈ ਕੀ ਪਤਾ ਦਸ ਵਜੇ — ਕੀ ਪਤਾ ਰਾਤ ਦੇ ਬਾਰਾਂ ਵਜ ਜਾਣੇ ਐ
? : ਇਸ ਤਰਾਂ ਫਾਰਮ ਵਿਚ ਇਹੋ ਜਹੀਆਂ ਹਾਲਤਾਂ ਹਨ। ਕੀ ਤੁਸੀਂ ਇਨ੍ਹਾਂ ਹਾਲਤਾਂ ਨੂੰ ਸੁਧਾਰਨ ਵਾਸਤੇ ਕੋਈ ਗੱਲਬਾਤ ਜਾਂ ਕੋਸ਼ਿਸ਼ ਕੀਤੀ?
ਇੱਕ : ਕਰਦੇ ਸੀ, ਪਰ ਮਾਲਕਾਂ ਤੋਂ ਡਰਦੇ ਸੀ। ਜੇ ਕੋਈ ਕੋਸ਼ਿਸ਼ ਕਰਦਾ ਸੀ ਤਾਂ ਮਾਲਕ ਉਸਨੂੰ ਫਾਇਰ ਕਰ ਦਿੰਦਾ ਸੀ। ਉਹਤੋਂ ਡਰਦੇ ਦੂਜੇ ਪਿਕਰ ਵੀ ਨਹੀਂ ਬੋਲਦੇ ਸੀ।
ਦੂਜੀ : ਹੋਰ ਕੰਮ ਮਿਲਦੇ ਨੀ ਸੀ, ਇਹ ਕੰਮ ਛੱਡ ਨਹੀਂ ਸੀ ਸਕਦੇ। ਸਾਡੇ ਘਰਾਂ ਵਾਲੇ ਵੀ ਕੰਮਾਂ ਤੋਂ ਵਿਹਲੇ ਸੀ। ਮਜ਼ਬੂਰੀ ਨੂੰ ਕੰਮ ਕਰਨਾ ਪੈਂਦਾ ਸੀ। ਦੋ ਡਾਲੇ ਦਿੰਦਾ ਸੀ ਤਾਂ ਵੀ ਅਸੀਂ ਕਰੀ ਜਾਣਾ ਸੀ। ਜੇ ਪਰਾਈਸ ਘਟਾ ਦਿੰਦਾ ਤਾਂ ਵੀ ਕਰੀ ਜਾਣਾ ਸੀ ਜੇ ਵਧਾ ਦਿੰਦਾ ਤਾਂ ਵੀ। ਹੋਰ ਕੰਮ ਜੋ ਨਹੀਂ ਸੀ ਮਿਲਦਾ। ਉਹਨਾ ਨੂੰ ਪਤਾ ਸੀ ਬਈ ਕਿਹੜੇ ਕਿਹੜੇ ਘਰਦਿਆਂ ਨੂੰ ਕੰਮ ਦੀ ਜ਼ਿਆਦਾ ਲੋੜ ਐ।
? : ਹੁਣ ਤੁਸੀਂ ਕੰਮ ਤੋਂ ਬਾਹਰ ਬੈਠੀਆਂ ਹੋ ਕਿਉਂਕਿ ਤੁਸੀਂ ਯੂਨੀਅਨ ਬਨਾਉਣ ਦੀ ਕੋਸ਼ਿਸ਼ ਕੀਤੀ ਹੈ, ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਯੂਨੀਅਨ ਬਨਾਉਣ ਦੀ ਕੋਸ਼ਿਸ਼ ਤੁਸੀਂ ਹਾਲਤਾਂ ਨੂੰ ਸੁਧਾਰਨ ਬਾਰੇ ਕੀਤੀ ਹੈ?
ਇੱਕ : ਹਾਂ ਜੀ , ਇਹਨਾਂ ਨੂੰ ਸੁਧਾਰਨ ਖਾਤਰ ਅਸੀਂ ਯੂਨੀਅਨ ਦਾ ਸਟੈਪ ਚੁਕਿਆ।
? : ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ 1980 ਦੀ ਬਣੀ ਹੋਈ ਹੈ ਕੀ ਇਸ ਬਾਰੇ ਤੁਹਾਨੂੰ ਪਹਿਲਾਂ ਤੋਂ ਹੀ ਪਤਾ ਸੀ ਜਾਂ ਥੋੜੇ ਸਮੇਂ ਤੋਂ ਹੀ ਪਤਾ ਲੱਗਾ?
ਇੱਕ : ਮਈ ਵਿੱਚ ਹੀ ਪਤਾ ਲੱਗਾ।
ਦੂਜੀ : ਨਹੀਂ ਜਦੋਂ ਆਪਾਂ ਡਰਾਮਾ ਵੇਖਣ ਗਏ ਸੀ ਤਾਂ ਉਥੇ ਜਵਾਲਾ ਸਿੰਘ (ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਵਾਈਸ ਪ੍ਰੈਜ਼ੀਡੈਂਟ) ਨੇ ਯੂਨੀਅਨ ਬਾਰੇ ਕਿਹਾ ਸੀ ਓਦੋਂ ਪਤਾ ਲੱਗ ਗਿਆ ਸੀ।
ਇੱਕ : ਨਹੀਂ ਓਦੋਂ ਤਾਂ ਆਪਾਂ ਸੋਚਿਆ ਸੀ ਕਿ ਇਹ ਯੂਨੀਅਨ ਬਾਹਰ ਫਾਰਮਾਂ ਵਿਚ ਕੰਮ ਕਰਨ ਵਾਲਿਆਂ ਦੀ ਹੈ।
(ਬਾਹਰ ਫਾਰਮਾਂ ਤੋਂ ਉਨ੍ਹਾਂ ਦਾ ਮਤਲਬ ਹੈ: ਸੀਜ਼ਨਲ ਵਰਕ ਜਿਵੇਂ ਰਸ ਬੇਰੀ, ਸਟਰਾ ਬੇਰੀ ਆਦਿ ਤੋੜਨ ਦਾ)
? : ਇਸਦਾ ਮਤਲਬ ਹੈ ਤੁਹਾਨੂੰ ਇਹ ਤਾਂ ਪਤਾ ਸੀ ਕਿ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਹੈਗੀ ਆ ਪਰ ਤੁਹਾਨੂੰ ਇਹ ਨਹੀਂ ਸੀ ਪਤਾ ਕਿ ਉਸਦਾ ਸਾਡੇ ਨਾਲ ਕੋਈ ਸਬੰਧ ਹੈ?
ਦੋ ਜਣੀਆਂ ਇਕੱਠੀਆਂ — ਹਾਂ ਇਹ ਨਹੀਂ ਸੀ ਪਤਾ।
? : ਜਦੋਂ ਤੁਸੀਂ ਯੂਨੀਅਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਸੀ ਤਾਂ ਕੀ ਤੁਹਾਡੇ ਉਪਰ ਉਸ ਵੇਲੇ ਕਿਸੇ ਤਰਾਂ ਦਾ ਘਰਦਿਆਂ, ਰਿਸ਼ਤੇਦਾਰਾਂ ਵਲੋਂ ਯੂਨੀਅਨ ਵਿੱਚ ਸ਼ਾਮਲ ਹੋਣ ਦੇ ਵਿਰੁਧ ਦਬਾਅ ਸੀ? ਸਪੈਸ਼ਲੀ ਘਰਦਿਆਂ ਵਲੋਂ ਕਿਉਂਕਿ ਆਪਣੇ ਕਲਚਰ ਵਿੱਚ ਔਰਤਾਂ ਨੂੰ ਉਨੀ ਆਜ਼ਾਦੀ ਨਹੀਂ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਘਰਦਿਆਂ ਕੋਲੋਂ ਪੁੱਛਣਾ ਪੈਂਦਾ ਹੈ?
ਇੱਕ : ਸਾਡੇ ਤਾਂ ਘਰਦੇ ਖ਼ੁਸ਼ ਸਨ ਕਿ ਚੰਗਾ ਕੀਤਾ ਤੁਸੀਂ ਯੂਨੀਅਨ ਬਣਾਉਣੀ ਸ਼ੁਰੂ ਕੀਤੀ ਹੈ।
ਦੂਜੀ : ਜਿੰਨਾਂ ਦੇ ਘਰ ਦੇ ਦੋ ਮੈਂਬਰ ਇਸ ਫਾਰਮ ਵਿੱਚ ਕੰਮ ਕਰਦੇ ਸੀ ਉਨ੍ਹਾਂ ਦੇ ਘਰਦਿਆਂ ਜ਼ਰੂਰ ਇਹ ਮਾਈਂਡ ਸੀ ਕਿ ਇਕ ਜਣਾ ਹੁਣ ਫਾਰਮ 'ਚ ਕੰਮ ਕਰਦਾ ਐ ਦੂਜਾ ਜਣਾ ਕੰਮ ਤੋਂ ਹਟਾ ਦਿਤਾ ਗਿਆ। ਅਸੀਂ ਉਹਨਾਂ ਨੂੰ ਇਹ ਹੀ ਸਮਝਾਇਆ ਹੈ ਕਿ ਅਸੀਂ ਯੂਨੀਅਨ ਦਾ ਸਟੈਪ ਚੁੱਕਦੇ ਹਾਂ ਇਸ ਕਰਕੇ ਹਟਾਇਆ ਗਿਆ।
ਤੀਜੀ : ਸਾਡੇ ਤਾਂ ਬਹੁਤ ਖੁਸ਼ ਸਨ। ਉਹ ਤਾਂ ਬਹੁਤ ਚਿਰ ਦੇ ਕਹਿੰਦੇ ਸੀ ਕਿ ਅਸੀਂ ਯੂਨੀਅਨ ਬਣਾਈਏ ਪਰ ਮੈਂ ਡਰਦੀ ਗੱਲ ਨਹੀਂ ਸੀ ਕਰਦੀ।
? : ਤੁਹਾਡੇ ਖਿਆਲ ਵਿਚ ਆਪਣੇ ਸਾਰੇ ਪੰਜਾਬੀ ਇਸ ਬਾਰੇ ਏਸੇ ਤਰਾਂ ਸੋਚਦੇ ਹਨ ਜਾਂ ਤੁਹਾਡਾ ਕੋਈ ਸਪੈਸ਼ਲ ਕੇਸ ਹੈ, ਤੁਸੀਂ ਇਸ ਬਾਰੇ ਕਿਸ ਤਰਾਂ ਮਹਿਸੂਸ ਕਰਦੇ ਹੋ ?
ਇੱਕ : ਬਾਹਲੇ ਤਾਂ ਨਹੀਂ ਮੰਗਦੇ ਆਪਣੇ ਲੋਕ। ਉਨ੍ਹਾਂ ਨੂੰ ਪਤਾ ਨਹੀ ਹੈ ਕਿ ਯੂਨੀਅਨ ਕੀ ਚੀਜ਼ ਹੈ।
ਦੂਜੀ : ਕਿਉਂਕਿ ਜਿਨ੍ਹਾਂ ਦੇ ਭੈਣ ਭਾਈ ਪਹਿਲਾਂ ਯੂਨੀਅਨ ਵਾਲੀ ਥਾਂ ਤੇ ਕੰਮ ਕਰਦੇ ਹਨ , ਉਹਨਾਂ ਨੂੰ ਪਤਾ ਹੈ ਕਿ ਯੂਨੀਅਨ ਦੇ ਕੀ ਫਾਇਦੇ ਹਨ। ਇਸ ਲਈ ਇਹ ਯੂਨੀਅਨ ਬਣਾਉਣੀ ਲਾਈਕ ਕਰਦੇ ਹਨ। ਪਰ ਜਿਨ੍ਹਾਂ ਦੇ ਘਰ ਦੇ ਵੱਡੇ , ਯੂਨੀਅਨ ਵਾਲੀਆਂ ਥਾਵਾਂ ਤੇ ਕੰਮ ਨਹੀ ਕਰਦੇ ਉਹ ਨਹੀਂ ਲਾਈਕ ਕਰਦੇ।
ਤੀਜੀ : ਸਾਡੇ ਘਰ ਦੇ ਤਿੰਨ ਯੂਨੀਅਨ ਵਾਲੀਆਂ ਮਿਲਾਂ 'ਚ ਕੰਮ ਕਰਦੇ ਆ।
ਦੂਜੀ : ਪਰ ਉਹ ਇਹਦੀ ਯੂਨੀਅਨ ਬਣਾਉਣੀ ਲਾਈਕ ਨਹੀਂ ਕਰਦੇ ਸੀ।
? : ਹੋਰ ਜਿਹੜੀਆਂ ਕੁੜੀਆਂ ਮਸ਼ਰੂਮ ਫਾਰਮ 'ਚ ਕੰਮ ਕਰਦੀਆਂ ਹਨ ਤੁਸੀਂ ਉਨ੍ਹਾਂ ਨੂੰ ਮਿਲਦੇ ਹੋਵੋਗੇ ਸ਼ੋਸ਼ਲ ਤੌਰ 'ਤੇ। ਤੁਸੀਂ ਉਨ੍ਹਾਂ ਨਾਲ ਗੱਲਬਾਤ ਕਰਦੇ ਹੋਵੋਗੇ, ਕੀ ਉਨ੍ਹਾਂ ਦੇ ਘਰਦੇ ਵੀ ਤੁਹਾਡੇ ਘਰਦਿਆਂ ਵਾਂਗ ਯੂਨੀਅਨ ਬਨਾਉਣ ਦੇ ਹੱਕ ਵਿੱਚ ਹਨ ਜਾਂ ਉਹ ਇਸ ਦੇ ਵਿਰੁਧ ਹਨ?
ਇੱਕ : ਮੰਗਦੇ ਤਾਂ ਸਾਰੇ ਆ ਕਿ ਯੂਨੀਅਨ ਵਾਲੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ , ਪਰ ਬਨਾਉਣੀ ਨਹੀਂ ਚਾਹੁੰਦੇ, ਮਾਲਕਾਂ ਤੋਂ ਡਰਦੇ ਹਨ।
ਦੂਜੀ : ਕੰਮ ਦੇ ਨਾ ਮਿਲਣ ਕਰਕੇ ਉਹ ਕੰਮ ਟੁੱਟਣ ਤੋਂ ਡਰਦੇ ਆ।
ਤੀਜੀ : ਉਹ ਕਹਿੰਦੇ ਆ ਕਿ ਜਿਥੇ ਕੰਮ 'ਤੇ ਲੱਗੀਆਂ ਹੋਈਆਂ ਉਥੇ ਲੱਗੀਆਂ ਰਹੋ ਕਿਉਂਕਿ ਕੰਮਾਂ ਦਾ ਬੜਾ ਥੁੰਦਾ ਹੈ।
? : ਜਦੋਂ ਹਾਸ ਫਾਰਮ ਦੇ ਮਾਲਕ ਨੂੰ ਪਤਾ ਲੱਗਾ ਕਿ ਤੁਸੀਂ ਯੂਨੀਅਨ ਦੇ ਮੈਂਬਰ ਬਣ ਗਏ ਹੋ ਤਾਂ ਉਸ ਨੇ ਤੁਹਾਡੇ ਨਾਲ ਕੀ ਕੀਤਾ ?
ਇੱਕ : ਫਾਇਰ
ਦੂਜੀ : ਰਾਤ ਦੇ ਨੌਂ ਗਜੇ ਤਕ ਕੰਮ ਕਰਵਾ ਕੇ ਪੰਜਾਂ ਨੂੰ ਚੈਕ ਫੜਾ ਦਿੱਤੀ ਕਿ ਤੁਹਾਡੇ ਲਈ ਕੰਮ ਹੈਨੀਗਾ।
? : ਫਿਰ ਤੁਸੀਂ ਕੀ ਕੀਤਾ ?
ਇੱਕ : ਅਸੀਂ ਉਹਦੀ ਪਰਾਪਰਟੀ ਵਿਚੋਂ ਨਿਕਲ ਕੇ ਬਾਹਰ ਕਾਰ 'ਚ ਬਹਿ ਕੇ ਗੱਲਾਂ ਕਰਦੀਆਂ ਰਹੀਆਂ ਕਿ ਸਾਨੂੰ ਹੁਣ ਕੀ ਕਰਨਾ ਚਾਹੀਦਾ ਹੈ।
? : ਕੀ ਉਹਨੇ ਇਸਦਾ ਕੋਈ ਕਾਰਨ ਦਸਿਆ?
ਇੱਕ : ਜਦੋਂ ਅਸੀਂ ਉਹਨੂੰ ਪੁਛਿਆ ਕਿ ਤੂੰ ਸਾਨੂੰ ਕਾਹਦੇ ਵਾਸਤੇ ਫਾਇਰ ਕੀਤਾ, ਤੈਨੂੰ ਕੋਈ ਕਾਰਨ ਦਸਣਾ ਚਾਹੀਦਾ। ਉਹ ਕਹਿੰਦਾ ਕਿ ਮੇਰੇ ਅੱਜ 31 ਟੱਬ ਡਾਊਨ ਗਰੇਡ ਹੋਕੇ ਆਏ ਹਨ। ਜਦੋਂ ਅਸੀਂ ਉਹਨੂੰ ਇਹ ਪੁਛਿਆ ਕਿ ਇਹ 31 ਟੱਬ ਅਸੀਂ ਪੰਜਾਂ ਨੇ ਪਿਕ ਕੀਤੇ ਆ ਜਾਂ ਸਾਰੀਆਂ ਨੇ, ਉਹ ਕਹਿੰਦਾ ਸਾਰੀਆਂ ਨੇ। ਤਾਂ ਅਸੀਂ ਪੁਛਿਆ ਫੇਰ ਤੂੰ ਸਾਨੂੰ ਪੰਜਾਂ ਨੂੰ ਕਿਉਂ ਫਾਇਰ ਕਰਤਾ, ਕਹਿੰਦਾ ਕਿ ਮੇਰੇ ਕੋਲ ਇਹਦਾ ਕੋਈ ਆਨਸਰ ਹੈ ਨੀ ਗਾ। ਫੇਰ ਸਾਡੇ ਵਿਚੋਂ ਇੱਕ ਨੇ ਉਹਨੂੰ ਪੁਛਿਆ ਕਿ ਅਜੇ ਪਰਸੋਂ ਹੀ ਤੂੰ ਦੋ ਨੂੰ ਕਹਿ ਕੇ ਹਟਿਆਂ ਕਿ ਉਹ ਗੁੱਡ ਪਿਕਰ ਆ, ਅੱਜ ਤੂੰ ਉਹਨਾਂ ਨੂੰ ਫਾਇਰ ਕਰ ਰਿਹਾਂ, ਕਿਉਂ? ਤਾਂ ਉਹ ਕਹਿੰਦਾ ਕਿ ਮੇਰੇ ਕੋਲ ਇਸਦਾ ਕੋਈ ਜਵਾਬ ਨਹੀਂ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਉਹਨੇ ਸਾਨੂੰ ਯੂਨੀਅਨ ਕਰਕੇ ਹੀ ਫਾਇਰ ਕੀਤਾ ਹੈ।

(ਬਾਕੀ ਪੰਨਾ 15 ਤੇ)

ਭਾਰਤ ਦਰਪਣ

ਕਸ਼ਮੀਰ ਸਰਕਾਰ ਤੋੜਣ ਤੇ ਇੰਦਰਾ ਕਾਂਗਰਸ ਦੀ ਨਿਖੇਧੀ

ਨਵੀਂ ਦਿੱਲੀ — ਡਾਕਟਰ ਫਾਰੂਖ ਅਬਦੁਲਾ ਦੀ ਸਰਕਾਰ ਭੰਗ ਕੀਤੇ ਜਾਣ ਦੀ ਕਾਰਵਾਈ ਦੀ ਵਖ ਵਖ ਹਲਕਿਆ ਵਲੋਂ ਨਿਖੇਧੀ ਕੀਤੀ ਗਈ ਹੈ।

ਅੰਮ੍ਰਿਤਸਰ ਵਿਚ ਅਕਾਲੀ ਦਲ ਦੀ ਗਿਆਰਾਂ ਮੈਂਬਰੀ ਐਡਹਾਕ ਕਮੇਟੀ ਦੇ ਮੈਂਬਰਾਂ ਪਰਕਾਸ਼ ਸਿੰਘ ਮਜੀਠਾ ਅਤੇ ਹਰੀ ਸਿੰਘ ਜ਼ੀਰਾ ਨੇ ਗਵਰਨਰ ਦੀ ਕਾਰਵਾਈ ਨੂੰ ਗੈਰ ਵਿਧਾਨਕ ਅਤੇ ਗੈਬ ਲੋਕ ਰਾਜੀ ਦਸਿਆ ਹੈ। ਮਾਰਕਸੀ ਕਮਿਊਨਿਸਟ ਪਾਰਟੀ ਦੀ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ ਨੇ ਸੰਵਿਧਾਨ ਦੀ ਧਾਰਾ 356 ਰੱਦ ਕਰਨ ਦੀ ਮੰਗ ਕੀਤੀ।

ਮਦਰਾਸ ਤੋਂ ਜਾਰੀ ਇਕ ਬਿਆਨ ਵਿਚ ਡੀ.ਐਮ. ਕੇ ਦੇ ਮੁਖੀ ਕ.ਕਰਨਾਨਿਧੀ ਨੇ ਦੋਸ਼ ਲਗਾਇਆ ਕਿ ਵਜ਼ਾਰਤਾਂ ਬਨਾਉਣ ਦੇ ਮਾਮਲੇ ਵਿਚ ਕੇਂਦਰ ਸਰਕਾਰ ਦੋਹਰੇ ਮਿਆਰ ਅਪਣਾ ਰਹੀ ਹੈ।

ਰਾਜਸ਼ਟਰੀ ਸੰਜੇ ਵਿਚਾਰ ਮੰਚ ਦੀ ਪ੍ਰਧਾਨ ਮੇਨਕਾ ਗਾਂਧੀ ਨੇ ਨਵੀਂ ਦਿੱਲੀ ਵਿਚ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਾਰਾ ਦੇਸ਼ ਖੇਰੂੰ ਖੇਰੂੰ ਹੋਣ ਤੋਂ ਪਹਿਲਾਂ ਅਸਤੀਫਾ ਦੇ ਦੇਣ।

ਉਹਨਾਂ ਕਿਹਾ ਕਿ ਸ਼੍ਰੀਮਤੀ ਗਾਂਧੀ ਆਪਣੀਆਂ ਦੇਸ਼ ਵਿਚ ਅਸਥਿਰਤਾ ਪੈਦਾ ਕਰਨ ਵਾਲੀਆਂ ਕਾਰਵਾਈਆਂ ਕਰਨ ਕਰਕੇ ਕੌਮੀ ਇਕ ਮੁੱਠਤਾ ਦੀ ਸਭ ਤੋਂ ਵੱਡੀ ਦੁਸ਼ਮਣ ਸਾਬਤ ਹੋ ਰਹੀ ਹੈ। ਸ਼੍ਰੀਮਤੀ ਮੇਨਕਾ ਨੇ ਕਿਹਾ ਕਿ ਆਸਾਮ ਸਮਸਿਆ ਹਾਲਾਂ ਹੱਲ ਨਹੀਂ ਹੋਈ, ਪੰਜਾਬ ਵਿਚ ਹੁਣੇ ਹੀ ਘੱਲੂਘਾਰਾ ਹੋਇਆ, ਸਿਕਮ ਵਿੱਚ ਪ੍ਰਧਾਨਗੀ ਰਾਜ ਠੋਸ ਦਿਤਾ ਗਿਆ ਅਤੇ ਹੁਣ ਕਸ਼ਮੀਰ ਵਿਚ ਕਾਂਗਰਸ ਨੇ ਬਹੁਤ ਹੀ ਗੈਰ ਲੋਕ-ਰਾਜੀ ਢੰਗ ਨਾਲ ਡਾਕਟਰ ਫਾਰੂਖ ਅਬਦੁੱਲਾ ਦੀ ਸਰਕਾਰ ਤੋੜੀ ਹੈ।

June 27, 1984

News Release - NACOI, B.C. Chapter

Dear Mr. Editor,

The full Board of NACOI, B.C. Chapter held its regular monthly meeting on Tuesday, June 26, 1984 at 7 p.m. Among other things, the mood of the Indo-Canadian community of B.C. was assessed in the wake of recent events in the Punjab and their possible impact on the local community. After much discussion and deliberation it was decided to issue a statement to the Indo-Canadian Press in Vancouver. The Statement follows:

"NACOI, B.C. Chapter and its affiliate organizations condemn the use of violence by any member or section of the community against any other Canadian of origins in India and urge all members of the community to show restraint and tolerance towards each other during these times of emotional stress and mental anguish. Only by living in peace and harmony among each other and by showing due regard and respect for each other's life, property and well-being can we enhance our image and earn the respect and good will of the larger Canadian society in which we live and prosper.

We urge all of you, particularly the responsible members of societies to refrain from making inflammatory speeches or passing disparaging remarks against each other on religious grounds. We all share the same spiritual heritage although we may have different political leanings.

Let all of us resolve to unite in this time of adversity and share each others grief and sorrow. This would go a long way towards healing wounds. It is counter productive to indulge in arduous arguments backed by one-sided logic or reasoning in order to justify or condemn what has taken place in the Punjab.

Let us pray that God Almighty give us the patience, tolerance and strength to overcome this temporary setback and provide us with enough impetus to open up new horizons for mutual growth and advancement."

With regards,
Yours sincerely,

K.S. Bhatti

Kesar Singh Bhatti
President
NACOI, B.C. Chapter

cc: All affiliate organizations and other registered societies in B.C.

Mr. K.P. Fabian
Acting High Commissioner
High Commission of India
10 Springfield Road
Ottawa, Ontario
K1M 1C9

The National Association of Canadians of Origins in India is deeply distressed by the Government of India's handling of recent events in the Punjab. We deplore the desecration of the Golden Temple in Amritsar and condem actions of extensive violence and bloodshed.

Our community in Canada has roots, relatives and property in India. Feelings are running high and the lack of independent information is adding to anxieties over the situation. We, therefore, urge you to settle this matter expeditiously by peaceful means, to treat those involved with fairness and understanding and allow independent reporting of the situation

Robinson Koilpillai
National President, NACOI

ਬੋਨਸ ਦੇਣ ਦਾ ਫੈਸਲਾ

ਆਈ.)—ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੇ ਆਪਣੇ ਕਰਮਚਾਰੀਆਂ ਲਈ ਸਾਲ 1983-84 ਵਾਸਤੇ 8.33 ਫੀਸਦੀ ਦੇ ਹਿਸਾਬ ਨਾਲ ਅਜ ਬੋਨਸ ਦੇਣ ਦਾ ਐਲਾਨ ਕੀਤਾ।

ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇ-ਰੈਕਟਰ ਸ੍ਰੀ ਵੀ. ਆਈ. ਕੇ. ਸ਼ਰਮਾ ਅਨੁਸਾਰ ਬੋਨਸ ਦੀ ਅਦਾਇਗੀ 40 ਲੱਖ ਰੁਪਏ ਬਣਦੀ ਹੈ।

ਕਸ਼ਮੀਰ ਵਿੱਚ ਨਵੇਂ ਮੰਤਰੀ ਮੰਡਲ ਨੇ ਸੌਂਹ ਚੁੱਕ ਲਈ

ਸ੍ਰੀਨਗਰ — ਜੰਮੂ ਕਸ਼ਮੀਰ ਸੂਬੇ ਦੇ ਸਾਬਕਾ ਮੁਖ ਮੰਤਰੀ ਸ੍ਰੀ ਫਾਰੂਖ ਅਬਦੁੱਲਾ ਦੇ ਭਣੋਈਏ ਸ੍ਰੀ ਜੀ.ਐਮ. ਸ਼ਾਹ ਨੇ ਨਵੇਂ ਮੁਖ ਮੰਤਰੀ ਬਨਣ ਤੇ ਰਾਜ ਦੇ ਲੋਕਾਂ ਨੂੰ ਭਰੋਸਾ ਦਿਤਾ ਹੈ ਕਿ ਉਹ ਆਰਥਕ ਵਿਕਾਸ ਨੂੰ ਤੇਜ਼ ਕਰਨ ਲਈ ਯਤਨ ਕਰਨਗੇ।

ਰਾਜਪਾਲ ਜਗਮੋਹਣ ਨੇ ਨਵੇਂ ਮੰਤਰੀ ਮੰਡਲ ਨੂੰ ਸੌਂਹ ਚੁਕਵਾ ਦਿਤੀ ਹੈ ਜਿਸ ਵਿਚ ਪੰਦਰਾਂ ਮੰਤਰੀ ਸ਼ਾਮਲ ਹਨ।

ਹੜਤਾਲ ਖਤਮ

ਬੰਬਈ, 13 ਜੁਲਾਈ (ਯੂ. ਐਨ. ਆਈ.) — ਏਅਰ ਕਾਰਪੋਰੇਸ਼ਨ ਕਰਮਚਾਰੀ ਯੂਨੀਅਨ ਨੇ ਅੱਜ ਇੰਡੀਅਨ ਏਅਰ ਲਾਈਨਜ਼ ਕਰਮਚਾਰੀਆਂ ਦੀ 16 ਦਿਨਾਂ ਹੜਤਾਲ ਖਤਮ ਕਰਨ ਦਾ ਫੈਸਲਾ ਕੀਤਾ ਹੈ।

5 ਅਕਾਲੀ ਆਗੂ ਜ਼ਮਾਨਤ 'ਤੇ ਰਿਹਾ

ਟ੍ਰਿਬਿਊਨ ਬਿਊਰੋ) — ਧਾਰਾਵਾਂ 124-ਏ ਅਤੇ 153-ਏ ਅਧੀਨ ਗ੍ਰਿਫਤਾਰ ਕੀਤੇ 7 ਲੋਕਲ ਅਕਾਲੀ ਆਗੂਆਂ ਵਿਚੋਂ 5 ਨੂੰ ਜ਼ਮਾਨਤ 'ਤੇ ਰਿਹਾ ਕਰ ਦਿਤਾ ਗਿਆ। ਉਨ੍ਹਾਂ ਵਿਰੁਧ 17 ਜੂਨ ਨੂੰ ਕੇਸ ਦਰਜ ਕੀਤਾ ਸੀ।

ਪੁਲੀਸ ਦੇ ਇਕ ਬੁਲਾਰੇ ਨੇ ਦਸਿਆ ਕਿ ਪੰਜੇ ਆਗੂਆਂ ਦੀ 5-5 ਹਜ਼ਾਰ ਰੁਪਏ ਦੀ ਜ਼ਮਾਨਤ ਹੋਈ ਹੈ।

ਅਮਰੀਕਾ ਦੇ ਪੰਜਾਬੀ ਗੀਤਕਾਰ ਜਸਪਾਲ ਸਿੰਘ ਸੂਸ ਦੇ ਗੀਤਾਂ ਦਾ ਸੰਗਰਹਿ

ਛਣਕਾਰ

ਛਪ ਕੇ ਤਿਆਰ ਹੋ ਗਿਆ ਹੈ

ਪਰਕਾਸ਼ਕ : ਏਸ਼ੀਆ ਬੁਕ ਕੰਪਨੀ

ਬਾਕਸ 67344 ਸਟੇਸ਼ਨ ਓ

ਵੈਨਕੂਵਰ ਬੀ.ਸੀ.

ਗ੍ਰਿਫਤਾਰ

ਚੰਡੀਗੜ੍ਹ, (ਪੰਜਾਬੀ ਟ੍ਰਿਬਿਊਨ ਬਿਊਰੋ) — ਡੱਡੂ ਮਾਜਰਾ ਕਲੋਨੀ ਵਿਚ 26 ਜੂਨ ਦੀ ਰਾਤ ਨੂੰ ਤਿੰਨ ਦੁਕਾਨਾਂ ਲੁਟਣ ਦੀ ਘਟਨਾ ਸਬੰਧੀ ਅਜ ਇਥੇ ਇਕ ਵਿਅਕਤੀ ਗ੍ਰਿਫਤਾਰ ਕੀਤਾ। ਹੋਰ ਗ੍ਰਿਫਤਾਰੀਆਂ ਵੀ ਜਲਦ ਕੀਤੇ ਜਾਣ ਦੀ ਸੰਭਾਵਨਾ ਹੈ।

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ ਵਲੋਂ ਪ੍ਰੈਸ ਰੀਲੀਜ਼

ਵੈਨਕੂਵਰ — ਕੈਨੇਡਾ ਦੀ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਪੰਜਾਬ ਦੇ ਹਾਲਾਤ ਅਤੇ ਪੰਜਾਬ ਦੀਆਂ ਅਫਸੋਸ ਨਾਕ ਘਟਨਾਵਾਂ ਬਾਰੇ ਇਸ ਰਾਏ ਦੀ ਹੈ ਕਿ ਹਾਲਤ ਬਹੁਤ ਗੰਭੀਰ ਹੈ ਅਤੇ ਇਸ ਫੌਜੀ ਕਾਰਵਾਈ ਤੋਂ ਬਿਨਾਂ ਹੀ ਸਿਆਸੀ ਹੱਲ ਕੀਤਾ ਜਾ ਸਕਦਾ ਸੀ ਕਿਉਂਕਿ ਇਹ ਸਾਰਾ ਮਸਲਾ ਹੀ ਸਿਆਸੀ ਸੀ ਤੇ ਹੈ। ਕਾਂਗਰਸ ਹਕੂਮਤ ਜੋ ਲੋਕਾਂ ਭਾਵ ਮਜ਼ਦੂਰ ਕਿਸਾਨ ਦੀ ਦੁਸ਼ਮਣ ਹੈ ਹੋਰ ਗੈਬ ਜ਼ਿਮੇਂਵਾਰ ਅਤੇ ਬਦੇਸ਼ੀ ਹੱਥਾਂ ਵਿੱਚ ਖੇਡਣ ਵਾਲੇ ਅਨਸਰਾਂ ਦੇ ਨਾਲ ਨਾਲ, ਖੁਦ ਹੀ ਪੰਜਾਬ ਅਤੇ ਹੋਰ ਸੂਬਿਆਂ ਵਿਚ ਮੋਟੇ ਤੌਰ ਤੇ ਜ਼ਿਮੇਵਾਰ ਹੈ।

ਬਦੇਸ਼ਾਂ ਵਿੱਚ ਰਹਿੰਦੇ ਭਾਰਤੀ ਪਿਛੋਕੜ ਦੇ ਸਭ ਲੋਕ ਪੰਜਾਬ ਦੀਆਂ ਦੁੱਖਦਾਈ ਘਟਨਾਵਾਂ ਬਾਰੇ ਬਹੁਤ ਹੀ ਚਿੰਤਾਤਰ ਹਨ, ਉਸ ਵਲ ਸਭ ਦੀ ਨਜ਼ਰ ਹੈ। ਅਤੇ ਉਹਨਾਂ ਉਪਰ ਇਹਨਾ ਘਟਨਾਵਾਂ ਦਾ ਅਸਰ ਹੈ ਜਿਸ ਦੇ ਕਾਰਨ ਬਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਵਿਚਕਾਰ ਵੀ ਕੁੜੱਤਣ ਅਤੇ ਵੰਡ ਦਾ ਡਰ ਹੈ ਅਤੇ ਕਈ ਥਾਈਂ ਬਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਵਿੱਚ ਹਿੰਦੂ ਸਿੱਖ ਦੇ ਨਾਮ ਉਪਰ ਕੁਝ ਇਕ ਛੋਟੀਆਂ ਅਣਚਾਹਤ ਅਤੇ ਵੰਡ ਪਾਊ ਦਰਦਨਾਕ ਘਟਨਾਵਾਂ ਵਾਪਰੀਆਂ ਹਨ ਜੋ ਲੋਕ ਹਿੱਤਾਂ ਦੇ ਵਿਰੁਧ ਹੈ। ਇਥੇ ਰਹਿੰਦੇ ਸਭ ਭਾਰਤੀਆਂ ਦੇ ਕਈ ਸਾਂਝੇ ਮਸਲੇ ਹਨ ਜਿਵੇਂ ਨਸਲਵਾਦ, ਲੋਕ ਸਭਿਆਚਾਰ, ਪਿਤਰੀ ਬੋਲੀ, ਲੋਕਾਂ ਦੀ ਲੁੱਟ ਘਸੁਟ, ਇਮੀਗਰੇਸ਼ਨ, ਆਦਿਕ ਹਨ ਜਿਸ ਵਿਰੁਧ ਸਾਨੂੰ ਇਕੱਠੇ ਹੋਕੇ ਮਜ਼ਬੂਤ ਮੁਹਾਜ਼ ਬਣਾਕੇ ਤੁਰਣ ਦੀ ਲੋੜ ਹੈ। ਜਮਹੂਰੀਅਤ ਵਿਚ ਹਰ ਇਕ ਨੂੰ ਆਪਣੀ ਰਾਏ ਅਤੇ ਧਾਰਮਿਕ ਵਿਸ਼ਵਾਸ ਰੱਖਣ ਦਾ ਹੱਕ ਹੈ। ਪ੍ਰੰਤੂ ਇਸ ਦੀ ਬਿਨਾ ਦੇ ਉਪਰ ਬਦੇਸ਼ਾਂ ਵਿਚ ਆਪਸੀ ਦੁਸ਼ਮਣੀ ਲੋਕ ਵਿਰੋਧੀ ਅਨਸਰਾਂ ਤੇ ਤਾਕਤਾਂ ਨੂੰ ਸ਼ਹਿ ਦੇਣਾ ਤੇ ਮਜ਼ਬੂਤ ਕਰਨਾ ਹੈ ਸੋ ਇਥੇ ਸਭ ਪੰਜਾਬੀਆਂ ਨੂੰ ਆਪਣੇ ਧਾਰਮਿਕ ਵਿਸ਼ਵਾਸ ਅਤੇ ਵਿਚਾਰਧਾਰਾ ਰੱਖਦੇ ਹੋਏ ਵੀ ਆਪਸ ਵਿਚ ਭਰਾਤਰੀ ਭਾਵ ਅਤੇ ਸਹਿ ਹੋਂਦ ਰੱਖਣੀ ਜ਼ਰੂਰੀ ਹੈ।

ਕੈਨੇਡਾ ਦੀ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਹਿੰਦ ਸਰਕਾਰ ਵਲੋਂ ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ (ਜਿਨ੍ਹਾਂ ਨੇ ਕਿ ਬਦੇਸ਼ੀ ਸਿਟੀਜ਼ਨਸ਼ਿਪ ਲਈ ਹੋਈ ਹੈ) ਵਿਰੁਧ ਲਾਏ ਵੀਜ਼ੇ ਦੀ ਸਖਤ ਨਿਖੇਧੀ ਕਰਦੀ ਹੈ ਕਿਉਂਕਿ ਭਾਰਤੀ ਸਰਕਾਰ ਵਲੋਂ ਨਵਾਂ ਵੀਜ਼ਾ ਪ੍ਰਬੰਧ ਟੇਢੇ ਸਿਧੇ ਢੰਗ ਨਾਲ ਸਿਰਫ ਭਾਰਤੀ ਪਿਛੋਕੜ ਦੇ ਲੋਕਾਂ ਦੇ ਵਿਰੁਧ ਹੈ ਅਤੇ ਜੋ ਭਾਰਤੀ ਸਰਕਾਰ ਨਾਲ ਸਹਿਮਤ ਨਹੀਂ ਉਨ੍ਹਾਂ ਨੂੰ ਦਾਖਲ ਨਾ ਹੋਣ ਦੀ ਸਜ਼ਾ ਦੇਣਾ ਹੈ ਜਿਸ ਦਾ ਅਸਰ ਭਾਰਤੀ ਪਿਛੋਕੜ ਦੇ ਬਦੇਸ਼ੀਆਂ ਦੀਆਂ ਜਾਇਦਾਦਾਂ ਉਪਰ ਛਾਪਾ ਮਾਰਣਾ ਅਤੇ ਸਭ ਸਭਿਆਚਾਰਕ ਲਿੰਕ ਤੋੜਣੇ ਹਨ। ਇਕ ਪਾਸੇ ਬਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਬਦੇਸ਼ੀ ਮੁਦਰਾ ਭੇਜਣ ਲਈ ਅਪੀਲਾਂ ਪਰ ਦੂਜੇ ਪਾਸੇ ਇਹ ਵੀਜ਼ਾ। ਅਸੀਂ ਸਖਤ ਸ਼ਬਦਾਂ ਵਿਚ ਇਸ ਦੀ ਨਿਖੇਧੀ ਕਰਦੇ ਹਾਂ ਅਤੇ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਭਾਰਤੀ ਸਰਕਾਰ ਉੱਤੇ ਇਸ ਵੀਜ਼ੇ ਨੂੰ ਵਾਪਸ ਕਰਾਉਣ ਵਾਸਤੇ ਦਬਾਅ ਪਾਉਣ।

ਲੋਕ ਏਕਤਾ ਜ਼ਿੰਦਾਬਾਦ।

ਗੁਰਦੁਆਰਾ ਐਕਟ ਵਿਚ ਸੋਧ ਬਾਰੇ....

ਚੰਡੀਗੜ੍ਹ, 3 ਜੁਲਾਈ (ਗਿਆਨੀ ਹਰੀ ਸਿੰਘ)—ਕੇਂਦਰੀ ਸਰਕਾਰ ਪੰਜਾਬ ਗੁਰਦੁਆਰਾ ਐਕਟ ਵਿਚ ਸੋਧ ਕਰਨ ਲਈ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ ਤਾਂ ਜੋ ਗੁਰ ਅਸਥਾਨਾਂ ਦੀ ਕਾਰ ਸੇਵਾ ਬਿਨਾ ਰੋਕ ਸੰਗਤਾਂ ਰਾਹੀਂ ਕਰਵਾਈ ਜਾਵੇ ਅਤੇ ਗੁਰਦੁਆਰਿਆ ਵਿਚ ਅਸੈਂਗ ਹਥਿਆਰ ਜਮ੍ਹਾਂ ਕਰਨ ਤੇ ਰੋਕ ਲਾਈ ਜਾ ਸਕੇ।

ਉਚ ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਇਸ ਸਬੰਧੀ ਕਾਨੂੰਨਦਾਨਾਂ ਦੀ ਸਲਾਹ ਲੈ ਰਹੀ ਹੈ ਅਤੇ ਜੇਕਰ ਸੋਧਾਂ ਕਰਨ ਦਾ ਵਿਚਾਰ ਪੱਕਾ ਹੋਇਆ ਤਾਂ ਰਾਸ਼ਟਰਪਤੀ ਇਸ ਸਬੰਧ ਵਿਚ ਇਕ ਆਰਡੀਨੈਂਸ ਜਾਰੀ ਕਰਨਗੇ ਜੋ ਬਾਦ ਵਿਚ ਲੋਕ ਸਭਾ ਬਿਲ ਦਾ ਰੂਪ ਦੇ ਕੇ ਪਾਸ ਕਰ ਸਕਦੀ ਹੈ।

ਇਸ ਸਮੇਂ ਗੁਰਦੁਆਰਾ ਐਕਟ ਅਨੁਸਾਰ ਕਾਰ ਸੇਵਾ ਕਰਾਉਣ ਦੇ ਅਧਿਕਾਰ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਨ ਅਤੇ ਇਸ ਧਾਰਾ ਨੂੰ ਲੈ ਕੇ ਭੁਪਿੰਦਰ ਸਿੰਘ ਐਡਵੋਕੇਟ ਤੇ ਉਨ੍ਹਾਂ ਦੇ ਇਕ ਸਾਥੀ ਨੇ ਸੁਪਰੀਮ ਕੋਰਟ ਵਿਚ ਰਿਟ ਦਾਖਲ ਕਰਕੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਸਰਕਾਰ ਵਲੋਂ ਫੌਜ ਰਾਹੀਂ ਜਾਂ ਹੋਰ ਸਰਕਾਰੀ ਇੰਜੀਨੀਅਰਾਂ ਰਾਹੀਂ ਕਾਰ ਸੇਵਾ ਕਰਾਉਣ ਤੇ ਰੋਕ ਲਾਈ ਜਾਵੇ।

ਅਦਾਲਤ ਨੇ ਇਸ ਰਿਟ ਦਾ ਜਵਾਬ ਦਾਵਾ ਦਾਖਲ ਕਰਨ ਲਈ ਕੇਂਦਰੀ ਸਰਕਾਰ ਨੂੰ 24 ਜੁਲਾਈ ਦਾ ਨੋਟਿਸ ਦਿਤਾ ਹੈ ਅਤੇ ਹੋ ਸਕਦਾ ਹੈ ਕਿ ਸਰਕਾਰ ਉਸ ਤੋਂ ਪਹਿਲਾਂ ਹੀ ਸੋਧ-ਆਰਡੀਨੈਂਸ ਜਾਰੀ ਕਰ ਦੇਵੇ।

ਪੰਜਾਬ ਸਰਕਾਰ ਦੇ ਚੋਣ ਵਿਭਾਗ ਨੇ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਾਉਣ ਸਬੰਧੀ ਕਠਿਨਾਈ ਪ੍ਰਗਟ ਕੀਤੀ ਹੈ। ਇਕ ਤਾਂ ਸੁਪਰੀਮ ਕੋਰਟ ਵਿਚ ਕੁਝ ਕਾਂਗਰਸੀ ਸਿੱਖਾਂ ਵਲੋਂ ਗੁਰਦੁਆਰਾ ਐਕਟ ਖਤਮ ਕਰਨ ਵਾਲੀ ਰਿਟ ਸਬੰਧੀ ਅਦਾਲਤ ਨੇ ਹਾਲੇ ਕੋਈ ਫੈਸਲਾ ਨਹੀਂ ਦਿਤਾ।

ਦੂਜਾ ਚੋਣਾਂ ਤੋਂ ਪਹਿਲਾਂ ਨਵੀਂ ਹਲਕਾਬੰਦੀ ਬਨਾਉਣ, ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਅਤੇ ਹੋਰ ਪ੍ਰਬੰਧ ਕਰਨ ਤੇ ਘੱਟੋ ਘੱਟ ਇਕ ਸਾਲ ਦਾ ਸਮਾਂ ਲਗਦਾ ਹੈ ਇਸ ਸਬੰਧ ਵਿਚ ਸਿੱਖ ਕਾਂਗਰਸ (ਇ) ਵਿਧਾਇਕਾਂ ਦਾ ਦਿਤਾ ਸੁਝਾਓ ਸਿਰੇ ਨਹੀਂ ਚੜ੍ਹ ਸਕਿਆ।

ਰਾਜਨੀਤਕ ਸੂਤਰਾਂ ਦਾ ਅਨੁਮਾਨ ਹੈ ਕਿ ਜੇ ਕੇਂਦਰ ਨੇ ਗੁਰਦੁਆਰਾ ਐਕਟ ਵਿਚ ਸੋਧਾਂ ਕੀਤੀਆਂ ਤਾਂ ਇਹ ਸੋਧ ਵੀ ਹੋਣੀ ਸੰਭਵ ਹੈ ਕਿ ਸਮਾਂ ਮੁਕੰਮਲ ਕਰ ਚੁੱਕੀ ਸ਼੍ਰੋਮਣੀ ਕਮੇਟੀ ਭੰਗ ਕਰਕੇ ਗੁਰਦਵਾਰਾ ਪ੍ਰਬੰਧ ਤਖ਼ਤਾਂ ਦੇ ਜਥੇਦਾਰਾਂ ਨੂੰ ਸੌਂਪਿਆ ਜਾਵੇ ਪਰ ਇਹ ਸਭ ਕੁਝ ਕਰਨ ਲਈ ਸਰਕਾਰ ਸ਼ਰਧਾਲੂ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਮੁਖ ਰੱਖ ਰਹੀ ਹੈ।

ਉਧਰ ਦੇਸ਼ ਵਿਦੇਸ਼ ਦੀਆਂ ਸਿੱਖ

VIDEO MART

3369 'A' KINGSWAY (near Joyce) VANCOUVER, 438-3355

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।

GUARANTEED CLEAR PRINTS

GUARANTEED PRINTS

FAST SERVICE GUARANTEED

MAIL ORDERS ACCEPTED

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL

JOGA S. MANN

BUY DIRECT FROM IMPORTER

7 W. Hastings, Vancouver, B.C.
PH: (604) 685-7050

3 PCE. LUGGAGE SET

Choice from
2 different sets

ਪਹਿਲਾਂ ਕੀਮਤ
32" Reg. $59.95
30" Reg. $49.95
28" Reg. $39.95

ਹੁਣ ਤਿੰਨੇ
$99.95

National Panasonic

GOOD FOR INDIA
$99.95
Stereo Tape Recorder

SOLAR CALCULATOR
No Battery For Use In India

Only **$12.95**



110/220 Voltage

BLENDERS & GRINDERS



(TWO-IN-ONE)
$39.95

Dual Voltage
PORTABLE CASSETTE RECORDER
operates an AC110/220 Volt house current or 4 "C" cell batteries (NOT INCLUDED)

OUR LOW PRICE **$49.95**



129.95
110/220



KJ 253

KJ 794
JIL Pendulum Wall Clock

- 31 day key-wind
- Striking on hour and half hour
- Walnut finish with gold tone metal

Dimensions:
13 (W) x 27 (H) x 5 (D) inches
330 (W) x 685 (H) x 127 (D) mm

ਭਾਰਤ ਜਾਣ ਤੋਂ ਪਹਿਲਾਂ ਸਮਾਨ ਲੈਣ ਲਈ ਸਾਡੇ
ਸਟੋਰ ਤੇ ਆਓ ਅਤੇ
ਡਾਲਰਾਂ ਦੀ ਬੱਚਤ ਕਰੋ

SHALIMAR GIFTS LTD.
LONDON LOAN & PAWNBROKERS LTD.
PH: (604) 685-7050
7 West Hastings, Vancouver, B.C. V6B 1G4

NOW TWO LOCATIONS TO SERVE YOU

CANADIAN SURPLUS

OPEN SUNDAY 11.00 to 5.00 P.M.
19535 Fraser Hwy., Surrey, B.c. **Ph. 530-1211**

ਖਾਲਸਾ ਜੀ!
ਹਿੰਦ ਸੂਕਾਰ ਦੇ ਝੂਠੇ ਪ੍ਰਚਾਰ ਤੋਂ
ਖ਼ਬਰਦਾਰ ਰਹੋ!!!

ਅੱਜ ਪੰਜਾਬ ਦਾ ਕੋਨਾ ਕੋਨਾ ਹਿੰਦੁਸਤਾਨੀ ਫੌਜ ਨੇ ਘੇਰ ਰੱਖਿਆ ਹੈ। ਅਕਾਲ ਤਖਤ ਸਾਹਿਬ ਜੀ ਦੀ ਇਮਾਰਤ ਢਾਹ ਢੇਰੀ ਕੀਤੀ ਗਈ ਹੈ। ਦਰਬਾਰ ਸਾਹਿਬ ਜੀ ਦੀ ਘੋਰ ਬੇ ਅਦਬੀ ਕੀਤੀ ਗਈ ਹੈ। ਕੀਰਤਨ ਦੀ ਜੋ ਮਰਿਯਾਦਾ ਸਦੀਆਂ ਤੋਂ ਚਲੀ ਆ ਰਹੀ ਸੀ ਉਸ ਨੂੰ ਭੰਗ ਕੀਤਾ ਗਿਆ ਹੈ, ਅਮਰ ਸ਼ਹੀਦ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਨੂੰ ਗਿਣੀ ਮਿਥੀ ਸਾਜਿਸ਼ ਅਧੀਨ ਬੜੀ ਹੀ ਬੇ-ਰਹਿਮੀ ਨਾਲ ਕਤਲ ਕੀਤਾ ਗਿਆ। ਹਿੰਦ ਸਰਕਾਰਨੇ ਆਪਣੀ ਇਸ ਕਾਲੀ ਕਰਤੂਤ ਨੂੰ ਛੁਪਾਉਣ ਲਈ ਸਾਰੇ ਦੇ ਸਾਰੇ ਰੀਪੋਰਟਰ ਪੰਜਾਬ ਵਿਚੋਂ ਬਾਹਰ ਕੱਢ ਕੇ ਹਰੇਕ ਖਬਰ ਤੇ ਪਾਬੰਦੀ ਲਾਈ ਤਾਂ ਜੁ ਜ਼ਨੂਨੀ ਹਿੰਦੀ ਫੌਜੀਆਂ ਦੇ ਜ਼ੁਲਮ ਦੀ ਉੱਘ ਸੁੱਘ ਨਾ ਨਿੱਕਲ ਸਕੇ। ਮੁਗਲਾਂ ਦੇ ਹਸ਼ਰ ਨੂੰ ਤੱਕ ਕੇ ਬਰਤਾਨੀਆਂ ਸਰਕਾਰ ਨੇ ਵੀ ਇਹੋ ਜਿਹਾ ਹੀਆ ਨਹੀਂ ਸੀ ਕੀਤਾ ਪਰ ਹਿੰਦੂ ਬਹੁ -ਗਿਣਤੀ ਦੀ ਅਹਿਸਾਨ ਫਰਾਮੋਸ਼ ਸਰਕਾਰ ਨੇ ਸਿਖਾਂ ਦੇ ਸਬਰ ਨੂੰ ਅੱਜ ਫਿਰ ਵੰਗਾਰਿਆ ਹੈ। ਇਸ ਹਿੰਦ ਸਰਕਾਰ ਨੇ ਸਿਖਾਂ ਨੂੰ ਖਤਮ ਕਰਨ ਦੇ ਹਰ ਹੀਲੇ ਵਰਤੇ ਅਤੇ ਹੁਣ ਗਸ਼ਤੀ ਦੌਰ ਦਾ ਆਖਰੀ ਢੰਗ ਵੀ ਅਪਨਾਅ ਰਹੀ ਹੈ ਕਿ ਜਿਥੇ ਕਿਥੇ ਵੀ ਪੰਜਾਬ ਵਿਚ ਕੋਈ ਸਿੱਖ ਸਿਰ ਚੁਕਣ ਦੀ ਕੋਸ਼ਿਸ਼ ਕਰੇ ਉਸ ਨੂੰ ਗੋਲੀ ਮਾਰ ਦਿਤੀ ਜਾਵੇ। ਆਪਣੀ ਇਸ ਮਾਰੂ ਨੀਤੀ ਰਾਹੀਂ ਇੰਦਰਾ ਅੱਤਵਾਦ ਨੂੰ ਖਤਮ ਕਰਨ ਦੇ ਦਾਹਵੇ ਕਰ ਰਹੀ ਹੈ, ਦਰਅਸਲ ਸਿੱਖ ਨੌਜੁਆਨਾਂ ਨੂੰ ਮੌਤ ਦੇ ਘਾਟ ਉਤਾਰ ਰਹੀ ਹੈ। ਸ਼ਕਤੀ ਤੇ ਭਗਤੀ ਦੇ ਉਪਾਸ਼ਕ ਸੰਤ ਸਿਪਾਹੀਆਂ ਨੂੰ ਐਕਸਟਰੀਮਿਸਟ ਤੇ ਟੈਰੋਰਿਸਟ ਦੀਆਂ ਤੁਹਮਤਾਂ ਨਾਲ ਜ਼ਲੀਲ ਕਰਨ ਦੇ ਉਪਰਾਲੇ ਅਜੇ ਵੀ ਜਾਰੀ ਹਨ ਤਾਂ ਕਿ ਫੌਜੀ ਤਾਕਤ ਰਾਹੀਂ ਸਿਖਾਂ ਨੂੰ ਕੁਚਲਣ ਵਿਚ ਵਿਦੇਸ਼ੀ ਹਕੂਮਤਾਂ ਦੀ ਸਹਿਮਤੀ ਲਈ ਜਾਵੇ। ਸ੍ਰੀ ਦਰਬਾਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਤੋਂ ਪਹਿਲਾਂ ਆਰਥਕ, ਧਾਰਮਿਕ ਤੇ ਪੁਲੀਟੀਕਲ ਖੇਤਰਾਂ ਵਿਚ ਜ਼ਿਆਦਾ ਅਧਿਕਾਰਾਂ ਦੀ ਜੋ ਜਦੋ ਜਹਿਦ ਪਿਛਲੇ ਤਿੰਨਾ ਸਾਲਾਂ ਤੋਂ ਚੱਲ ਰਹੀ ਸੀ ਉਸ ਨੂੰ ਮੱਲੋ ਮੱਲੀ TERRORIST ACTIVITIES ਦੀ ਸਾਜਿਸ਼ ਅਧੀਨ ਦਬਾਇਆ ਗਿਆ ਤੇ ਜਾਣ ਬੁਝ ਕੇ ਅੱਖੋਂ ਉਹਲੇ ਕੀਤਾ ਗਿਆ।

ਸ੍ਰੀ ਦਰਬਾਰ ਸਾਹਿਬ ਉਤੇ ਵਹਿਸ਼ੀਆਨਾ ਫੌਜੀ ਹਮਲੇ ਨੇ ਹਰੇਕ ਸਿੱਖ ਨੂੰ ਇਹ ਝਰਨਾਟ ਛੇੜ ਦਿਤੀ ਹੈ ਕਿ ਸਿੱਖ ਹਿੰਦੂ ਸਰਕਾਰ ਦੇ ਪ੍ਰਭਾਵ ਹੇਠ ਹਰਗਿਜ਼ ਨਹੀਂ ਰਹਿ ਸਕਣਗੇ। ਭਾਈ ਵਾਲੀ ਵਿਸ਼ਵਾਸ਼ ਦੀ ਲਕੀਰ ਅੱਜ ਮਿਟ ਚੁਕੀ ਹੈ, ਹਰੇਕ ਸਿੱਖ ਦਾ ਹਿਰਦਾ ਕੁਰਲਾ ਉਠਿਆ ਹੈ, ਅਣਖ ਵੀ ਵੰਗਾਰੀ ਗਈ ਹੈ। ਦੁਨੀਆਂ ਦੇ ਕੋਨੇ ਕੋਨੇ ਵਿਚੋਂ ਅੱਜ ਸਿੱਖ ਹੋਮ ਲੈਂਡ ਦੀ ਆਵਾਜ਼ ਬੁਲੰਦ ਹੋ ਚੁਕੀ ਹੈ।

ਝੂਠਾ ਪ੍ਰਾਪੇਗੰਡਾ

ਹਿੰਦ ਸਰਕਾਰ ਵਲੋਂ ਦੂਸ਼ਨ ਲਗਾਏ ਜਾਂਦੇ ਹਨ ਕਿ ਗੋਲਡਨ ਟੈਂਪਲ ਹਥਿਆਰਾਂ ਦਾ ਇਕ ਜ਼ਖੀਰਾ ਬਣ ਚੁਕਾ ਸੀ। ਦੂਜੇ ਅਫੀਮ ਤੇ ਨਸ਼ਿਆ ਦੇ ਢੇਰ ਲੱਗੇ ਹੋਏ ਸਨ। ਸਮੱਗਲਿੰਗ ਦਾ ਵੀ ਆਰੋਪ ਲਗਾਇਆ ਜਾਂਦਾ ਹੈ। ਵਿਦੇਸ਼ੀ ਸਰਕਾਰਾਂ ਤੇ CIAਦੀ ਦਖਲ ਅੰਦਾਜ਼ੀ ਦੇ ਦਾਹਵੇ ਵੀ ਇਹ ਸਰਕਾਰ ਕਰ ਚੁਕੀ ਹੈ। ਸਿਆਣੇ ਠੀਕ ਹੀ ਕਹਿੰਦੇ ਹਨ ਕਿ ਤਾਕਤ ਦਾ ਨਸ਼ਾ ਹੋਸ਼ ਹਵਾਸ ਭੁਲਾ ਦਿੰਦਾ ਹੈ। ਇਸ ਤੁਅੱਸਬੀ ਸਰਕਾਰ ਨੂੰ ਸ਼ਾਇਦ ਇਹ ਭੁਲ ਗਿਆ ਹੋਵੇ ਕਿ ਸਿੱਖ ਧਰਮ ਅਫੀਮ ਤੰਬਾਕੂ ਆਦਿ ਨਸ਼ਿਆਂ ਦਾ ਸਖਤ ਵਿਰੋਧੀ ਹੈ ਅਤੇ ਕੁਰੈਹਤ ਦੇ ਰੂਪ ਵਿਚ ਹਰੇਕ ਸਿਖ ਲਈ ਥਿਵਰਜਤ ਹਨ। ਦੋ ਸਾਲਾਂ ਤੋਂ ਪੁਲੀਸ ਤੇ ਪੈਰਾ ਮਿਲਟਰੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਨਾਕਾਬੰਦੀ ਜਾਰੀ ਰਹੀ ਹੈ। ਸਰਹੱਦੀ ਬਾਰਡਰ ਤੇ ਵੀ ਬਹੁਤ ਚੰਗੇ ਪ੍ਰਬੰਧ ਕੀਤੇ ਹੋਏ ਸਨ। ਕੀ ਇੰਦਰਾ ਸਰਕਾਰ ਇਹ ਦੱਸ ਸਕਦੀ ਹੈ ਕਿ ਉਸ ਘੇਰੇ ਵਿਚੋਂ ਇਹ ਹਥਿਆਰਤੇ ਨਸ਼ੇ ਅੰਦਰ ਕਿਸ ਤਰ੍ਹਾਂ ਪਹੁੰਚੇ? ਸਿੱਖ ਤਾਂ ਸਿਗਰਟ ਤੀਕ ਵੀ ਅੰਦਰ ਨਹੀਂ ਲਿਜਾਣ ਦਿੰਦੇ। ਇਕ ਸਾਧਾਰਨ ਇਨਸਾਨ ਵੀ ਇੰਦਰਾ ਗੋਰਮਿੰਟ ਦੇ ਇਸ ਭੰਡੀ ਪਰਚਾਰ ਤੋਂ ਅੰਦਾਜ਼ਾ ਲਗਾ ਸਕਦਾ ਹੈ। ਚੂੰਕਿ ਇਕ ਤਾਂ ਹਿੰਦ ਫੌਜ ਨੇ ਸਦੀਆਂ ਤੋਂ ਚੱਲੀ ਆ ਰਹੀ ਕੀਰਤਨ ਦੀ ਮਰਿਯਾਦਾ ਨੂੰ ਭੰਗ ਕੀਤਾ। ਜਿਥੇ ਕੋਈ ਇਨਸਾਨ ਜੁਤੀ ਸਣੇ ਜਾਣ ਦਾ ਹੀਆ ਨਹੀਂ ਸੀ ਕਰ ਸਕਦਾ। ਇੰਦਰਾ ਦੀ ਹੈਂਕੜਬਾਜ਼ ਫੌਜ ਨੇ ਟੈਂਕਾਂ ਦੀ ਛਾਇਆ ਹੇਠ ਕੀਤਾ। ਸ਼ਾਂਤੀ ਦੇ ਅਸਥਾਨ ਨੂੰ ਸ਼ਮਸ਼ਾਨ ਘਾਟ ਦਾ ਰੂਪ ਦਿਤਾ। ਫੌਜੀ ਅਤਿਆਚਾਰ ਦੀ ਬੋ ਅੰਮ੍ਰਿਤਸਰ ਕੀ ਸਾਰੇ ਪੰਜਾਬ ਤੋਂ ਅਜੇ ਤੀਕ ਆ ਰਹੀ ਹੈ। ਸਭ ਨੂੰ ਪਤਾ ਹੈ ਕਿ ਫੌਜ ਤੋਂ ਬਿਨਾਂ ਸ੍ਰੀ ਦਰਬਾਰ ਸਾਹਿਬ ਵਿਚ ਹੋਰ ਕੋਈ ਨਹੀਂ ਸੀ। ਮਹੀਨਿਆਂ ਦੀ ਇਕ ਗਿਣੀ ਮਿਥੀ ਸਾਜਿਸ਼ ਅਧੀਨ ਸਰਕਾਰ ਮਨ ਮਰਜ਼ੀਆਂ ਕਰਕੇ ਦੇ ਦੂਸ਼ਨ ਲਗਾ ਲਗਾ ਕੇ ਸਿੱਖਾਂ ਦੇ ਪਵਿੱਤਰ ਅਸਥਾਨ ਨੂੰ ਅਪਵਿੱਤਰਤਾ ਦਾ ਅੱਡਾ ਦਰਸਾ ਰਹੀ ਹੈ। ਇਥੋਂ ਦੇ ਲੋਕਲ ਮੀਡੀਏ ਪ੍ਰਤੀ ਕੁਝ ਬੇਨਤੀਆਂ ਹਨ।

ਲੋਕਲ ਮੀਡੀਏ ਨੂੰ ਬੇਨਤੀ

ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਦੇਸ਼ ਭਗਤਾਂ ਉਤੇ ਵਕਤ ਦੀ ਸਰਕਾਰ ਵਲੋਂ ਬੜੇ ਬੜੇ ਝੂਠੇ ਇਲਜ਼ਾਮ ਲਗਾਏ ਜਾਂਦੇ ਰਹੇ ਹਨ ਤਾਂ ਕਿ ਆਮ ਲੋਕਾਂ ਵਿਚ ਉਨਾਂ, ਇਨਕਲਾਬੀਆਂ ਦਾ ਅਸਰ ਰਸੂਖ ਵੱਧ ਨਾ ਸਕੇ। ਇਹੀ ਕੰਮ ਇੰਦਰਾ ਸਰਕਾਰ ਨੇ ਕੀਤਾ ਹੈ, ਪੰਥ ਦੀ ਆਜ਼ਾਦ ਹਸਤੀ ਤੇ ਵੱਧ ਅਧਿਕਾਰਾਂ ਦੀ ਜਦੋ -ਜਹਿਦ ਨੂੰ ਹਿੰਸਕ ਵਾਰਦਾਤਾਂ ਦਾ ਰੂਪ ਦੇਣ ਵਿਚ ਹਿੰਦ ਸਰਕਾਰ ਦੀ ਖੁਦ ਬੱਖੁਦ ਇਕ ਸਾਜਿਸ਼ ਸੀ। ਜਿਸ ਵੇਲੇ ਨਿਰੰਕਾਰੀਆਂ ਨੇ ਵਿਸਾਖੀ ਵਾਲੇ ਦਿਨ ਸਿੱਖ ਸ਼ਹੀਦ ਕੀਤੇ ਤਾਂ ਸਰਕਾਰ ਨੇ ਕਿਸ ਦਾ ਸਾਥ ਦਿਤਾ। ਕਿੰਨੇ ਕੁ ਨਿਰੰਕਾਰੀਆਂ ਨੂੰ ਸਜਾਵਾਂ ਮਿਲੀਆਂ ਉਲਟਾਂ ਸਿਖਾਂ ਉਤੇ ਹੀ ਸਖਤੀ ਦਾ ਦੌਰ ਚੱਲਿਆ ਕਿਉਂਕਿ ਹਿੰਦ ਸਰਕਾਰ ਦੇ ਕੁਝ ਸਰਕਾਰੀ ਅਫ਼ਸਰ ਨਿਰੰਕਾਰੀ ਮੁਖੀ ਦੇ ਮੁਰੀਦ ਸਨ। ਸਿਖਾਂ ਉਤੇ ਉਹ ਤੱਸ਼ਦਦ ਢਾਹੇ ਗਏ ਜੋ ਬਿਆਨ ਨਹੀਂ ਕੀਤੇ ਜਾ ਸਕਦੇ। ਸਰਕਾਰ ਦੇ ਇਨਸਾਫ ਵਿਚੋਂ ਯਕੀਨ ਉੱਡ ਜਾਣਾ ਕੁਦਰਤੀ ਹੀ ਸੀ। ਤੇ ਇਹੋ ਹੀ ਹੋਇਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਪੰਜਾਬ ਵਿਚ ਵਸਦੇ ਹਰੇਕ ਸਿੱਖ ਦੀ ਅਣਖ ਨੂੰ ਵੰਗਾਰਿਆ। ਉਸ ਦੀ ਗੁਲਾਮ ਸੋਚਣੀ ਨੂੰ ਆਜ਼ਾਦ ਸੋਚਣੀ ਦੇ ਰਾਹ ਤੇ ਲਿਆ ਕੇ ਖੜ੍ਹਾ ਕੀਤਾ ਤੇ ਸਰਕਾਰ ਵਲੋਂ ਕੀਤੇ ਜਾ ਰਹੇ ਤਸ਼ੱਦਦਾਂ ਤੋਂ ਸੁਚੇਤ ਕੀਤਾ ਅਤੇ ਵੰਗਾਰਿਆਂ ਕਿ ਸਿੱਖ ਨੂੰ ਆਪਣੀ ਹਿਫਾਜ਼ਤ ਖੁਦ ਆਪ ਕਰਨੀ ਪਵੇਗੀ। ਪਰ ਹਿੰਦ ਸਰਕਾਰ ਰਾਜਨੀਤਕ ਦਾਅ ਪੇਚ ਖੇਡ ਰਹੀ ਸੀ ਜਿਵੇਂ ਹੋਰਨਾਂ ਸੂਬਿਆਂ ਵਿਚ ਹਿੰਦੂ ਮੁਸਲਿਮ ਫਸਾਦ ਕਰਵਾਏ ਜਾ ਰਹੇ ਹਨ ਉਸੇ ਤਰ੍ਹਾਂ ਪੰਜਾਬ ਤੇ ਹਰਿਆਣੇ ਵਿਚ ਵੀ ਹਿੰਦੂ ਸਿਖ ਫਸਾਦ ਕਰਵਾਏ ਤਾਂ ਜੁ ਪੰਥ ਹਿਤੈਸ਼ੀ ਨਾਮ ਰਸੀਏ ਤੇ ਸੰਤ ਸਿਪਾਹੀਆਂ ਨੂੰ EXTRIMISTSਤੇ TERRORISTS ਦਾ ਦਰਜਾ ਦੇ ਕੇ ਕਤਲ ਕਰ ਸਕੇ। ਸ਼ਹੀਦ ਹੋਣ ਵਾਲਿਆਂ ਵਿਚੋਂ 150 ਦੇ ਕਰੀਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਹੋਏ ਵਿਜ਼ਟਰ ਵੀ ਸਨ ਤੇ ਇਸੇ ਤਰ੍ਹਾਂ ਇਕ ਡਾਕਟਰ ਦੀ ਰੀਪੋਰਟ ਅਨੁਸਾਰ ਜਿਸ ਨੇ ਸ੍ਰੀ ਦਰਬਾਰ ਸਾਹਿਬ ਵਿਚਲੀਆਂ 400 ਲਾਸ਼ਾਂ ਦਾ ਪੋਸਟ ਮਾਰਟਮ ਕੀਤਾ ਹੈ ਉਸ ਨੇ ਦੱਸਿਆ ਹੈ ਕਿ ਇਨ੍ਹਾਂ ਵਿਚੋਂ ਤਕਰੀਬਨ 100 ਦੇ ਕਰੀਬ ਔਰਤਾਂ ਸਨ, 20 ਤੋਂ 25 ਦੇ ਵਿਚਕਾਰ ਪੰਜ ਸਾਲ ਤੋਂ ਘਟ ਉਮਰ ਦੇ ਬੱਚੇ ਤੇ ਇਕ ਦੋ ਮਹੀਨਿਆਂ ਤੋਂ ਵੀ ਘੱਟ ਉਮਰ ਦਾ ਬੱਚਾ। ਇਹ ਹੈ ਅਸਲੀ ਸਬੂਤ ਸਿਖੀ ਸਿਦਕ ਦਾ ਤੇ ਦੂਜੇ ਪਾਸੇ ਹਿੰਦ ਸਰਕਾਰ ਅੰਮ੍ਰਿਤਸਰ, ਪੰਜਾਬ ਤੇ ਚੰਡੀਗੜ੍ਹ ਵਿਚ ਮਰਨ ਵਾਲੇ ਫੌਜੀਆਂ ਦੇ ਟੱਬਰਾਂ ਨੂੰ ਇਕ ਲੱਖ ਰੁਪਿਆ, ਜਖਮੀਆਂ ਨੂੰ 75000ਰੁਪਏ ਤੇ ਹੋਰ ਸਹੂਲਤਾਂ ਦੇ ਰਹੀ ਹੈ। ਸਿਖਾਂ ਦੇ ਖੂਨ ਪਸੀਨੇ ਦੀ ਕਮਾਈ ਪੰਜਾਬ ਤੋਂ ਖੋਹ ਕੇ ਸਿੱਖਾਂ ਨੂੰ ਖਤਮ ਕਰਨ ਵਿਚ ਇਨਾਮਾਂ ਦੇ ਤੌਰ ਤੇ ਵਰਤੀ ਜਾ ਰਹੀ ਹੈ। ਇਕ ਪਾਸੇ ਤਾਂ ਜਰਨੈਲ ਬਿਆਨ ਦਿੰਦੇ ਹਨ ਕਿ ਮਰਨਾ ਤਾਂ ਫੌਜੀ ਦੀ ਡਿਊਟੀ ਹੈ। ਪਰ ਦੂਜੇ ਪਾਸੇ ਇਹ ਇਨਾਮ ਕਿਸ ਖੁਸ਼ੀ ਵਿਚ?

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਹ ਐਲਾਨ ਕੀਤਾ ਸੀ ਕਿ ਪੁਲੀਸ ਜਾਂ ਫੌਜ ਸ੍ਰੀ ਦਰਬਾਰ ਸਾਹਿਬ ਅੰਦਰ ਨਹੀਂ ਵੜ੍ਹਨ ਦਿਤੀ ਜਾਵੇਗੀ। ਸੰਤ ਸਿਪਾਹੀਆਂ ਨੇ ਆਪਣੇ ਸਿਰਾਂ ਨਾਲ ਇਹ ਬਚਨ ਨੂੰ ਪੂਰਿਆਂ ਕੀਤਾ। ਸੰਤ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਵੀ ਇਹ ਬਿਆਨ ਦਿੱਤੇ ਸਨ ਕਿ ਜੇ ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਹੋਇਆ ਤਾਂ ਉਸ ਦੇ ਸਿੱਟੇ ਭਿਆਨਕ ਨਿਕਲਣਗੇ। ਭਿਆਨਕ ਸਿੱਟਿਆਂ ਦਾ ਭਾਵ ਇਹ ਨਹੀਂ ਕਿ ਸਿੱਖ ਉਨ ਕੋ Negotiate ਕਰਨ ਤੁਰ ਪੈਣਗੇ। ਭਿਆਨਕ ਸਿੱਟਿਆਂ ਦਾ ਭਾਵ ਹਿੰਦ ਸਰਕਾਰ ਨੂੰ ਵਾਰਨਿੰਗ ਸੀ ਕਿ, ਅਟਾਨਮੀ ਦੀ ਮੰਗ ਇੰਡੀਪੈਂਡੈਂਸ ਵਿਚ ਵੀ ਬਦਲ ਸਕਦੀ ਹੈ। ਹੁਣ ਤੋਂ ਜੋ ਜਦੋਜਹਿਦ ਸ਼ੁਰੂ ਹੋਈ ਹੈ, ਉਹ ਆਜ਼ਾਦੀ ਦੀ ਲੜਾਈ ਹੈ ਤੇ ਇਥੋਂ ਦੇ ਪੱਤ੍ਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸੰਤ ਸਿਪਾਹੀ ਨੂੰ ਐਕਸਟਰੀਮਿਸਟ ਤੇ ਟੈਰੋਰਿਸਟ ਦੇ ਨਾਉ ਨਾਲ ਸੰਬੋਧਨ ਨਾ ਕਰਨ। ਜੇ ਹਿੰਦ ਸਰਕਾਰ ਲੱਖਾਂ ਰੁਪਏ ਇਕ ਫੌਜੀ ਨੂੰ ਦੇ ਸਕਦੀ ਹੈ ਤਾਂ ਕੀ ਅਸੀਂ ਸਿੱਖ ਸ਼ਹੀਦਾਂ ਨੂੰ ਫਰੀਡਮ ਫਾਈਟਰ ਦਾ ਦਰਜਾ ਵੀ ਨਹੀਂ ਦੇ ਸਕਦੇ?

ਸਿੱਖਾਂ ਨੂੰ ਬਦਨਾਮ ਕਰਨ ਲਈ ਇੰਦਰਾ ਸਰਕਾਰ ਨੇ ਨਿਊਜ਼ ਬਲੈਕ ਆਊਟ, ਸੈਂਸਰਸ਼ਿਪ ਤੇ ਫੌਜੀ ਕਰਫੀਊ ਰਾਹੀਂ ਬਹੁਤ ਹੀ ਕੁਫਰ ਤੋਲੇ ਹਨ। ਸ੍ਰੀ ਦਰਬਾਰ ਸਾਹਿਬ ਨੂੰ ਹਥਿਆਰਾਂ ਦਾ ਜ਼ਖੀਰਾ, ਨਸ਼ੇ ਤੇ ਸਮਗਲਿੰਗ ਦਾ ਅੱਡਾ ਦਰਸਾਇਆ ਹੈ। ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੀ ਗ਼ਲਤੀ ਨੂੰ ਛੁਪਾਉਣ ਲਈ ਹਿੰਦ ਸਰਕਾਰ ਹੋਰ ਕਈ ਗ਼ਲਤੀਆਂ ਤੇ ਟੁੱਕੜਬੋਚਾਂ ਦਾ ਸਹਾਰਾ ਲੈ ਰਹੀ ਹੈ। ਗੁਰਦੁਆਰਾ ਸੁਸਾਇਟੀਆਂ ਤੇ ਸਿੱਖ ਸੰਸਥਾਵਾਂ ਹਿੰਦ ਸਰਕਾਰ ਵਲੋਂ ਸਿੱਖ ਧਰਮ ਉਤੇ ਹੋ ਰਹੇ ਹਮਲਿਆਂ ਨੂੰ ਬੜੇ ਗਹੁ ਨਾਲ ਦੇਖ ਰਹੀਆਂ ਹਨ ਤੇ ਕੈਨੇਡਾ ਦੀਆਂ ਸਮੂੰਹ ਸੰਗਤਾਂ ਨੂੰ ਅਪੀਲ ਕਰਦੀਆਂ ਹਨ ਕਿ ਅੱਜ ਤੋਂ ਏਅਰ ਇੰਡੀਆ ਤੇ ਇੰਡੀਅਨ ਓਵਰਸੀਜ਼ ਬੈਂਕ ਦਾ ਬਾਈਕਾਟ ਕੀਤਾ ਜਾਵੇ। ਏਅਰ ਇੰਡੀਆ ਤੇ ਬੈਂਕਾਂ ਰਾਹੀਂ ਸਾਡੇ ਸਿਰੋਂ ਕਮਾਏ ਹੋਏ ਪੈਸੇ ਸਾਡੇ ਹੀ ਭਰਾਵਾਂ ਨੂੰ ਪੰਜਾਬ ਵਿਚੋਂ ਖਤਮ ਕਰਨ ਲਈ ਵਰਤੇ ਜਾਂਦੇ ਹਨ। ਅੱਜ ਤੋਂ ਕੋਈ ਵੀ ਸਿੱਖ ਸੁਸਾਇਟੀ 15 ਅਗਸਤ ਦਾ ਆਜ਼ਾਦੀ ਦਿਨ ਨਾ ਮਨਾਵੇ। ਪੰਥ ਵਲੋਂ ਆਜ਼ਾਦੀ ਦੀ ਜਦੋਜਹਿਦ ਤਾਂ ਹੁਣ ਤੋਂ ਸ਼ੁਰੂ ਹੀ ਹੋਈ ਹੈ। ਪੰਜਾਬ ਦੇ ਸਾਬਕਾ ਮਨਿਸਟਰ ਤੇ ਹੋਰ ਸੱਜਣ, ਜਿਨ੍ਹਾਂ ਨੂੰ ਪੰਥ ਦੀ ਆਜ਼ਾਦ ਹਸਤੀ ਦਾ ਅਹਿਸਾਸ ਅਜੇ ਵੀ ਨਹੀਂ ਹੋਇਆ, ਅਸੀਂ ਉਨ੍ਹਾਂ ਨੂੰ ਦੱਸ ਦਿੰਦੇ ਹਾਂ ਕਿ ਪੰਜਾਬ ਦੇ ਮਸਲੇ ਦੀ ਗੱਲ ਅੱਜ Negotiations ਤੋਂ ਬਹੁਤ ਅੱਗੇ ਲਘ ਚੁੱਕੀ ਹੈ। ਅੱਜ ਸਿੱਖ ਧਰਮ ਦੀ ਹੋਂਦ ਦਾ ਸੁਆਲ ਹੈ ਤੇ ਲੋੜ ਪੈ ਚੁੱਕੀ ਹੈ ਕਿ ਸਿੱਖੀ ਨਾਲੋਂ ਹਿੰਦੁਸਤਾਨੀ ਨੈਸ਼ਨੈਲਿਟੀ ਨੂੰ ਪਹਿਲ ਦੇਣ ਵਾਲੇ ਨੂੰ ਅਲੱਗ ਅਲੱਗ ਕਰ ਦਿੱਤਾ ਜਾਵੇ ਅਤੇ ਸਿੱਖ ਪੰਜਾਬੀ ਅਤੇ ਖਾਲਿਸਤਾਨ ਦੇ ਨਾਹਰੇ ਨੂੰ ਬੁਲੰਦ ਕੀਤਾ ਜਾ ਸਕੇ। ਇਹ ਜੋ ਸੱਜਣ ਪਰਚਾਰ ਕਰ ਰਹੇ ਹਨ ਕਿ ਅਕਾਲੀ ਇੰਦਰਾ ਦੀ ਪੇਸ਼ਕਸ਼ ਤੇ ਵਿਚਾਰ ਕਰਕੇ Negotiate ਕਰਨ, ਅਕਾਲੀ ਲੀਡਰਾਂ ਨੂੰ ਵੀ ਇਨ੍ਹਾਂ ਮਕਾਰਾਂ ਦੀਆਂ ਚਾਲ੍ਹਾਂ ਤੋਂ ਬਚਣ ਦੀ ਸਖਤ ਲੋੜ ਹੈ ਤੇ ਇਹ ਗੱਲ ਵੀ ਕਦੇ ਅੱਖੋਂ ਓਹਲੇ ਨਹੀਂ ਕਰਨੀ ਚਾਹੀਦੀ ਕਿ ਜੇਕਰ ਅਕਾਲੀ ਦਲ ਪਹਿਲੀਆਂ ਨੈਗੋਸ਼ੀਏਟਿੰਗ ਮੀਟਿੰਗਾਂ ਵਿਚ ਭਿੰਡਰਾਂਵਾਲਾ ਦੇ ਪ੍ਰਤੀਨਿਧ ਲੈ ਕੇ ਜਾਂਦਾ ਸੀ ਤਾਂ ਇੰਦਰਾ ਗਾਂਧੀ ਨੇ ਹੁਣ ਇਹ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਅਕਾਲੀ ਦਲ ਨੂੰ ਹੁਣ ਸਾਰੀ ਸਿੱਖ ਕੌਮ ਨੂੰ ਨਾਲ ਲੈ ਕੇ ਜਾਣਾ ਪਵੇਗਾ। ਅੱਜ ਸਿੱਖ ਕੌਮ ਦੀ ਮੰਗ ਹੈ, "ਸਿੱਖ ਹੋਮ ਲੈਂਡ, ਖਾਲਿਸਤਾਨ।"

ਇਥੇ ਵੈਨਕੂਵਰ ਵਿਚ 'ਰੰਗੋ ਸਾਰੀਜ਼' ਵਲੋਂ ਜੋ ਪ੍ਰੋਗਰਾਮ 'ਰੰਗੋ ਗੀਤ ਮਾਲਾ' CJJC ਤੋਂ ਪੇਸ਼ ਕੀਤਾ ਜਾਂਦਾ ਹੈ, ਉਸ ਨੇ ਅਤੇ ਕਮਿਊਨਿਟੀ ਚੈਨਲ 17 ਉਤੇ ਸੁਖਮਾ ਨੇ 24-25 ਜੂਨ ਨੂੰ ਝੂਠਾ ਸਰਕਾਰੀ ਪ੍ਰਾਪੇਗੰਡਾ ਕੀਤਾ। ਪ੍ਰੇਜ਼ੀਡੈਂਟ ਅਤੇ ਕੌਂਸਲੇਟ ਜਨਰਲ ਹਿੰਦ ਸਰਕਾਰ ਦੀਆਂ ਇੰਟਰਵਿਊਆਂ ਬਰਾਡਕਾਸਟ ਕਰ ਕੇ ਗ਼ਲਤਫਹਿਮੀ ਫੈਲਾਉਣ ਲਈ ਇੰਦਰਾ ਦਾ ਸਾਥ ਦਿੱਤਾ ਅਤੇ ਸਿੱਖ ਕੌਮ ਦੇ ਅੱਲ੍ਹੇ ਜ਼ਖਮਾਂ ਤੇ ਲੂਣ ਛਿੜਕਿਆ। ਇਹ ਕੋਝੀ ਹਰਕਤ ਦੀ ਜ਼ਿੰਮੇਵਾਰ ਸਿਰਫ ਹਿੰਦ ਸਰਕਾਰ ਹੀ ਨਹੀਂ, ਬਲਕਿ ਇਹ ਨਰਕਧਾਰੀ ਹਨ ਜੋ ਸਰਕਾਰੀ ਲਾਲਚ ਵਿਚ ਆ ਕੇ ਦੀਮਾਨ ਵੀ ਵੇਚ ਸਕਦੇ ਹਨ। ਅਸੀਂ ਸਮੂੰਹ ਸਿੱਖ ਜਗਤ ਨੂੰ ਬੇਨਤੀ ਕਰਦੇ ਹਾਂ ਕਿ ਸੁਖਮਾ ਦੇ ਪ੍ਰੋਗਰਾਮ ਤੋਂ ਸਾਰੀਆ ਐਡਾ ਬੰਦ ਕਰ ਦਿੱਤੀਆਂ ਜਾਣ। ਜਿਵੇਂ ਸਾਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਹੁਕਮ ਹੈ ਕਿ ਕਿਸੇ ਵੀ ਨਿਰੰਕਾਰੀ ਨਾਲ ਮੇਲ ਮਿਲਾਪ ਨਾ ਕੀਤਾ ਜਾਵੇ। ਇਸੇ ਤਰ੍ਹਾਂ ਸਿੱਖ ਪੰਥ ਵਿਰੋਧੀ 'ਰੰਗੋ ਸਾਰੀਜ਼' ਦੇ ਮਾਲਕ ਅਤੇ ਸੁਖਮਾ ਦਾ ਬਾਈਕਾਟ ਕੀਤਾ ਜਾਵੇ। ਅਸੀਂ ਇਥੋਂ ਦੇ ਹੋਰ ਮੀਡੀਆ ਨੂੰ ਵੀ ਅਪੀਲ ਕਰਦੇ ਹਾਂ ਕਿ ਗੋਰਮਿੰਟ ਦਾ ਝੂਠਾ ਪ੍ਰਾਪੇਗੰਡਾ ਬਰਾਡਕਾਸਟ ਜਾਂ ਪ੍ਰਿੰਟ ਨਾ ਕੀਤਾ ਜਾਵੇ। ਨਹੀਂ ਤਾਂ ਕੌਮ ਉਨ੍ਹਾਂ ਖਿਲਾਫ ਵੀ ਇਹੋ ਜਿਹੇ ਕਦਮ ਉਠਾਉਣ ਲਈ ਮਜਬੂਰ ਹੋਵੇਗੀ।

ਵਲੋਂ :- ਬੀ. ਸੀ. ਗੁਰਦੁਆਰਾ ਸੁਸਾਇਟੀਆਂ
8000 ਰੌਸ ਸਟਰੀਟ, ਵੈਨਕੂਵਰ ਟੈਲੀਫੂਨ (604) 324-7525

(ਪੱਤਰ ਪ੍ਰੇਰਕ)—ਸ੍ਰੀ ਬਲਵੰਤ ਸਿੰਘ ਰੰਧਾਵਾ ਓਧੋਵਾਲੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਪੰਜਾਬ ਨੇ ਇਕ ਲਿਖਤੀ ਪ੍ਰੈਸ ਬਿਆਨ ਰਾਹੀਂ ਮੰਗ ਕੀਤੀ ਹੈ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿਤਾ ਜਾਵੇ ਅਤੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੌਜ ਨੂੰ ਵਾਪਸ ਬੁਲਾਇਆ ਜਾਵੇ

ਵਿਰੋਧੀ ਅੰਦੋਲਨ ਦੀ ਤਿਆਰੀ

ਗਿਆਨੀ ਹਰੀ ਸਿੰਘ

ਪਾਕਿਸਤਾਨ ਦੇ ਵਿਰਧੀ ਦਲਾਂ ਨੇ ਨਵੇਂ ਅੰਦੋਲਨ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ ਜੋ ਗੈਰ-ਜਮਾਤੀ ਅਧਾਰ ਤੇ ਚੋਣ-ਪ੍ਰੋਗਰਾਮ ਸ਼ੁਰੂ ਹੋਣ ਦੇ ਨਾਲ ਹੀ ਆਪਣਾ ਪ੍ਰੋਗਰਾਮ ਸ਼ੁਰੂ ਕਰਨਗੇ।

ਐਮ. ਆਰ. ਡੀ. ਦੇ ਇਕ ਨਜ਼ਰਬੰਦ ਨੇਤਾ ਨਵਾਬ ਜ਼ਫਰ ਦੀ ਕਰਾਚੀ ਵਿਚ ਸਥਿਤ ਕੋਠੀ ਵਿਚ ਕੁਝ ਵਿਰੋਧੀ ਨੇਤਾਵਾਂ ਦੀ ਮੀਟਿੰਗ ਹੋਈ ਜਿਸ ਵਿਚ ਇਹ ਫੈਸਲ ਕੀਤਾ ਗਿਆ ਕਿ ਜੇ ਸਰਕਾਰ ਚੋਣਾ ਵਿਚ ਹਿੱਸਾ ਲੈਣ 'ਤੇ ਵਿਰੋਧੀ ਨੇਤਾਵਾਂ 'ਤੇ ਵੀ ਰੋਕ ਲਾਉਂਦੀ ਹੈ ਤਾਂ ਉਹ ਚੋਣਾਂ ਸਿਰੇ ਨਹੀਂ ਚੜ੍ਹਨ ਦਿਤੀਆਂ ਜਾਣੀਆਂ ਚਾਹੀਦੀਆਂ।

ਕਿਤਾਬਾਂ ਦਾ ਭਾਰ

ਇਕ ਸਮਾਂ ਸੀ ਕਿ ਇਕ ਕਿਤਾਬ, ਇਕ ਹਿਸਾਬ, ਇਕ ਤਖਤੀ ਅਤੇ ਇਕ



ਸਲੇਟ ਪ੍ਰਾਇਮਰੀ ਕਲਾਸਾ ਦੀ ਪੜ੍ਹਾਈ ਲਈ ਕਾਫੀ ਹੁੰਦੀ ਸੀ ਪਰ ਹੁਣ ਕਿਤਾਬਾ ਅਤੇ ਕਾਪੀਆਂ ਦੀ ਗਿਣਤੀ ਨਹੀਂ ਹੋ ਸਕਦੀ ਜੋ ਵਿਦਿਆਰਥੀਆਂ ਲਈ ਚੁਕਣੀਆ ਕਠਿਨ ਹਨ। "ਨਵਾਏ ਵਕਤ" ਅਖਬਾਰ ਦੇ ਇਸ ਕਾਰਟੂਨ ਵਿਚ ਪਤਨੀ ਆਪਣੇ ਪਤੀ ਨੂੰ ਕਹਿ ਰਹੀ ਹੈ ਕਿ "ਬੱਚੇ ਨੂੰ ਦਾਖਲਾ ਤਾਂ ਮਿਲ ਗਿਆ ਹੈ ਅਤੇ ਹੁਣ ਕਿਤਾਬਾਂ ਦਾ ਭਾਰ ਚੁੱਕਣ ਲਈ ਨੌਕਰ ਦਾ ਵੀ ਪ੍ਰਬੰਧ ਕਰੋ।"

ਮੋਟੇ ਢਿੱਡਾਂ ਦੀ ਜਾਂਚ

ਪਾਕਿਸਤਾਨ ਦੇ ਸਰਕਾਰੀ ਪ੍ਰਸਾਸਨ

ਵਿਚ ਭ੍ਰਿਸ਼ਟਾਚਾਰ ਖਤਮ ਕਰਨ ਦੀ ਮੁਹਿੰਮ ਸ਼ੁਰੂ ਹੈ ਅਤੇ ਹਰ ਵਿਭਾਗ ਤੇ ਵਰਗ ਦੇ ਅਧਿਕਾਰੀਆਂ ਬਾਰੇ ਪੁਣਛਾਣ ਕੀਤੀ ਜਾ ਰਹੀ ਹੈ। ਹੁਣ ਤਕ ਵੱਖ ਵੱਖ ਵਿਭਾਗਾਂ ਦੇ 320 ਅਧਿਕਾਰੀ ਸਿਕੰਜੇ ਵਿਚ ਆ ਚੁਕੇ ਹਨ। ਪੁਲੀਸ ਅਧਿਕਾਰੀਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਖਬਰ ਹੈ ਕਿ ਡੀ. ਆਈ. ਜੀ. ਲਾਹੌਰ ਨੇ ਮੋਟੇ ਢਿੱਡਾਂ ਵਾਲੇ ਥਾਣੇਦਾਰਾਂ ਦੀਆਂ ਸੂਚੀਆਂ ਤਿਆਰ ਕਰਨ ਦੀ ਹਦਾਇਤ ਕੀਤੀ ਹੈ। ਇਸਨੂੰ "ਜੰਗ" ਕਰਾਚੀ ਨੇ ਇਸ ਕਾਰਟੂਨ ਰਾਹੀਂ ਪੇਸ਼ ਕੀਤਾ ਹੈ ਜਿਸ ਵਿਚ ਮੋਟੇ ਢਿੱਡਾਂ ਦੀ ਜਾਂਚ ਹੋ ਰਹੀ ਹੈ।

ਇਸਲਾਮੀ ਰੰਗ

ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਅਤੇ ਅਲਾਮਾਂ ਇਕਬਾਲ ਦੇ ਪੁੱਤਰ ਡਾਕਟਰ ਜਾਵੇਦ ਇਕਬਾਲ ਨੇ ਕਿਹਾ ਹੈ ਕਿ ਇਸ ਵੇਲੇ ਪਾਕਿਸਤਾਨ ਸਰਕਾਰ ਉਤੇ ਕਟੜ ਮੌਲਵੀ ਪ੍ਰਭਾਵੀ ਹੋ ਗਏ ਹਨ ਜਿਸ ਕਰਕੇ ਹਰ ਗੱਲ ਨੂੰ ਇਸਲਾਮੀ ਰੰਗ ਦਿਤਾ ਜਾ ਰਿਹਾ ਹੈ। ਬੁੱਧੀਜੀਵੀਆਂ ਦੀ ਇਕ ਮੀਟਿੰਗ ਸੰਬੋਧਨ ਕਰਦਿਆਂ ਡਾ. ਜਾਵੇਦ ਨੇ ਕਿਹਾ ਕਿ ਅਲਾਮਾ ਇਕਬਾਲ ਅਤੇ ਮੁਹੰਮਦ ਅਲੀ ਜਿਨਾਹ ਧਰਮ ਨਿਰਪੱਖ ਸਰਕਾਰ ਦੇ ਹੱਕ ਵਿਚ ਸਨ ਅਜ ਕੱਟੜ ਇਸਲਾਮੀ ਲੋਕ ਉਨ੍ਹਾਂ ਲੋਕਾਂ ਉ. ਅਤਿਆਚਾਰ ਕਰ ਰਹੇ ਹਨ ਜੋ ਦੀਨ-ਇਸਲਾਮ ਤਾਂ ਮੰਨਦੇ ਹਨ ਪਰ ਉਨ੍ਹਾਂ ਦੀਅ ਉਲੀਕੀਆਂ ਹੱਦਾਂ ਤੋਂ ਸੁਤੰਤਰ ਹਨ। ਇਸਦ ਅਸਰ ਘੱਟ ਗਿਣਤੀਆਂ ਤੇ ਪੈ ਰਿਹਾ ਹੈ।

ਕੌਂਸਲਰ ਭੁੰਨ ਦਿਤਾ

ਪਾਕਿਸਤਾਨ ਵਿਚ ਅੱਤਵਾਦੀਆਂ ਦੀਆ ਸਰਗਰਮੀਆਂ ਫਿਰ ਤੇਜ਼ ਹੋ ਗਈਆ ਹ. ਅਤੇ ਉਨ੍ਹਾਂ ਨੇ ਚੁਣ ਚੁਣ ਕੇ ਰਾਜਸੀ ਨੇਤਾਵ ਦੀ ਸਫਾਈ ਸ਼ੁਰੂ ਕਰ ਦਿਤੀ ਹੈ।

ਪਿਛਲੇ ਦਿਨ ਹਾਫਜ਼ਾਬਾਦ ਦੇ ਕੌਂਸਲਰ ਚੌਧਰੀ ਮਨਜ਼ੂਰ ਹਯਾਤ ਦੀ ਦਿਨ ਦਿਹਾੜੇ ਹੱਤਿਆ ਕਰ ਦਿਤੀ ਗਈ। ਉਹ ਆਪਣੇ ਦੋ ਸਾਥੀਆਂ ਨਾਲ ਜਾ ਰਹੇ ਸਨ ਕਿ ਵਾਰਡ ਨੰਬਰ 6 ਨੇੜੇ ਇਕ ਕਾਰ ਵਿਚ ਆਏ ਅੱਤਵਾਦੀਆਂ ਨੇ ਤਿੰਨਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ। ਇਸ ਤੋਂ ਕੁਝ ਦਿਨ ਪਹਿਲਾਂ ਇਕ ਮੈਜਿਸਟ੍ਰੇਟ ਤੇ ਇਕ ਪੁਲੀਸ ਕਪਤਾਨ ਦ ਹੱਤਿਆ ਕੀਤੀ ਗਈ ਸੀ।

ਭਾਰਤੀ ਫਿਲਮਾਂ 'ਤੇ ਰੋਕ

ਖੇਡਾ ਅਤੇ ਪ੍ਰਾਹੁਣਚਾਰੀ ਵਿਭਾਗ ਦੇ ਮੰਤਰੀ ਨਿਆਜ਼ ਮੁਹੰਮਦ ਅਰਬਾਬ ਨੇ ਕਰਾਚ ਵਿਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਰਤ ਫਿਲਮਾ ਦਰਾਮਦ ਨਹੀਂ ਕਰੇਗੀ। ਫਿਲ ਨਿਰਮਾਤਾਵਾਂ ਦੇ ਇਕ ਸਮਾਗਮ ਵਿ ਉਨ੍ਹਾਂ ਕਿਹਾ ਕਿ ਵੀ. ਡੀ. ਓ. ਕੈਸਟਾ ਦਰਾਮਦ ਤੇ ਸਰਕਾਰ ਕੜੀ ਨਜ਼ਰ ਰਖ ਰ ਹੈ ਅਤੇ ਇਨ੍ਹਾਂ ਦੇ ਸਮਗਲਰਾਂ ਵਿਰੁਧ ਸਖ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਭਾਰਤੀ ਫਿਲਮਾਂ ਆਉਣ ਨਾਲ ਪਾਕਿਸਤਾਨ ਫਿਲਮ ਸਨਅਤ ਤਬਾਹ ਹੋ ਜਾਵੇਗੀ ਅ ਵੀ. ਡੀ. ਓ. ਕੈਸਟਾਂ ਰਾਹੀਂ ਨੌਜਵਾਨ ਨਸਲ ਤਬਾਹ ਹੋ ਰਹੀ ਹੈ। ਉਨ੍ਹਾ ਕਿਹਾ ਕਿ ਇਸ ਸੰਬੰਧ ਵਿਚ ਸਖਤ ਸਜ਼ਾਵਾਂ ਦੇਣ ਦਾ ਇਕ ਨਵਾਂ ਫੌਜੀ ਕਾਨੂੰਨ ਵੀ ਛੇਤੀ ਹੀ ਜਾਰੀ ਕਰ ਦਿਤਾ ਜਾਵੇਗਾ।

ਰਾਹ ਦਾ ਰੋੜਾ

ਫੈਸਲਾਬਾਦ ਨੇੜੇ ਚੱਕ ਨੰਬਰ 548 ਇਕ ਦੁਕਾਨਦਾਰ ਮੁਹੰਮਦ ਯਾਰ ਦੀ ਹ ਦਾ ਪੁਲੀਸ ਨੇ ਸੁਰਾਗ ਲਾ ਲਿਆ ਹੈ ਇਸ ਦੋਸ਼ ਹੇਠ ਉਸਦੀ ਸੁੰਦਰ ਪਤਨੀ ਬੀਬੀ ਅਤੇ ਉਸਦੇ ਪ੍ਰੇਮੀ ਮਨਜ਼ੂਰ ਅ ਨੂੰ ਗ੍ਰਿਫਤਾਰ ਕੀਤਾ ਹੈ। ਰਾਜ਼ਨ ਅਤੇ ਪ੍ਰੇਮੀ ਨੇ ਰਾਹ ਦਾ ਰੋੜਾ ਕਢਣ ਲਈ ਸ ਕਰਕੇ ਮੁਹੰਮਦ ਯਾਰ ਨੂੰ ਮਨਜ਼ੂਰ ਨੇ ਅ ਘਰ ਸਦਿਆ ਅਤੇ ਮਾਰਕੇ ਲਾਸ਼ ਵਿਚ ਹੀ ਦੱਬ ਦਿਤੀ।

ਗੁੰਡਾ ਟੈਕਸ

ਅੱਤਵਾਦੀਆਂ ਨੇ "ਗੁੰਡਾ ਟੈਕਸ" ਲ ਕਰਨ ਅਤੇ ਉਸਦੀ ਵਸੂਲੀ ਕਰਨ ਵੱਖ ਵੱਖ ਯੂਨਿਟਾਂ ਕਾਇਮ ਕੀਤੀਆਂ ਜਿਨ੍ਹਾਂ ਨੇ ਲਾਹੌਰ ਵਿਚ ਆਪਣਾ ਕੰਮ ਕਰ ਦਿਤਾ ਹੈ।

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

SUNSET PRINTING LTD.
4277 Fraser Street, Vancouver, B.C. V5V 4G1
(604)874-2023

- Bus. Cards
- Envelopes
- Letterheads
- Numbering
- Flyers
- NCR Forms
- Crash Imprints
- Work Orders
- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ
- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

Sale

AMBIKA

5125 Victoria

PHONE: 3

Grand Ann

SALE extended to

Or While Qu

Sugar ਖੰਡ **5.97** 10 kg.	**Flour Section** **Farine Atta** ਆਟਾ **7.99** 2x10 kg.	**Golden Temple** ਗੋਲਡਨ ਟੈਂਪਲ ਆਟਾ **4.89** 10 kg.
Almond ਬਦਾਮ **6.99** 3 lb.	**Pea Flour (Besan)** ਬੇਸਣ **.99¢** 2 kg.	**Bhatora Flour** ਭਠੂਰਿਆਂ ਦਾ ਆਟਾ **4.99** 2 kg.
Long Grain Rice ਲੌਂਗ ਗਰੇਨ ਚਾਵਲ **10.95** 20 kg.	**Grind Your Own Masala** **Dhania** ਧਨੀਆ **.99¢** lb.	**Jeera Whole** ਜੀਰਾ ਸਾਬਤ **.99¢** lb.
Basmati Rice ਬਾਸਮਤੀ ਚਾਵਲ **.59¢** lb.	**Haldi** ਹਲਦੀ **.99¢** lb.	**Mirch Powder** ਮਿਰਚਾਂ ਪੀਸੀਆਂ **.99¢** lb.

Apple Juice ਐਪਲ ਜੂਸ **.99¢** litter	ਦੇਸੀ ਖੰਡ 39 ਸੈਂਟ ਪੌਂਡ	**Recorded VHS Movie** **6.99** each

Vi

FOODS

Drive, Vancouver

7—0295

iversary Sale

Sale

uly 31 , 1984

antities Last

Red Lentils ਲਾਲ ਮਸਰ 29¢ lb	**Daals Section** Peas ਪੀਜ਼ 19¢ lb	Moong ਮੂੰਗੀ 49¢ lb
Green Lintils ਹਰੇ ਮਸਰ 29¢ lb	India Masar ਮਸਰ 19¢ lb	Chick Peas ਕਾਬਲੀ ਛੋਲੇ 39¢ lb
Panchranga Achar ਪਚਰੰਗਾ ਆਚਾਰ 1.49 big tin	**Cans Section** Shona Saag ਸ਼ੋਹਣਾ ਸਾਗ 2 can for .99¢	Unico Chick Peas ਜਨੀਕੋ ਕਾਬਲੀ ਛੋਲੇ .99¢ 29 oz.
Corned Mutton ਕੌਰਨਡ ਮਟਨ 1.69	Nobob Tea ਨਵਾਬ ਚਾਹਪੱਤੀ 3.89 120 bag.	Rooh Afza ਰੂਹ ਅਫਜ਼ਾ 3.99 bottle

eo

Recorded Casset Tape 1.99 each	ਜ਼ੀਰਾ 1.49 ਪੌਂਡ	Coconut Milk ਕੋਕੋਨਟ ਦੁੱਧ 1.49 28 oz.

ਸਾ ਹਿ ਤ ਦ ਰ ਪ ਣ

ਕਹਾਣੀ :
'ਧਰਤ ਬੇਗਾਨੀ—ਲੋਕ ਪਰਾਏ'

— ਹਰਭਜਨ 'ਹਾਂਸ'

ਮੇਰੀ ਕਰਾਏ ਵਾਲੀ ਬੇਸਮੇਂਟ ਦੇ ਦਰਵਾਜ਼ੇ ਤੇ ਇਕ ਬਿੱਲੀ ਰੋਜ਼ ਦਸਤਕ ਦਿੰਦੀ ਹੈ — ਮੋਟੀ, ਭੂਰੀ ਬਿੱਲੀ — ਮੇਰੇ ਨਾਲ ਆਪਣੀ ਭਾਸ਼ਾ 'ਚ ਹੈਲੋ-ਸ਼ੈਲੋ ਕਰਕੇ ਉਹ ਦੂਜੇ ਘਰ ਦੀ ਡੋਰ ਤੇ ਅਲਖ ਜਗਾ ਦਿੰਦੀ ਹੈ — ਬਿੱਲੀ ਦਾ ਇਹ ਕਰਮ ਜਾਰੀ ਰਹਿੰਦਾ ਹੈ — ਸ਼ਾਇਦ ਸੱਤ ਘਰਾਂ 'ਚ ਜਾਕੇ ਉਹਦੇ ਫਰਜ਼ ਦੀ ਅਦਾਇਗੀ ਹੁੰਦੀ ਹੋਵੇਗੀ — ਕੈਨੇਡੀਅਨ ਮੋਟੀ - ਭੂਰੀ ਬਿੱਲੀ ਨੂੰ ਦੇਖ ਕੇ ਸੱਤ ਸਮੁੰਦਰ ਪਾਰ ਹੰਭੀ ਹਾਰੀ ਡੱਬ ਖੜਬੀ ਇੰਡੀਅਨ ਬਿੱਲੀ ਯਾਦ ਆਉਂਦੀ ਹੈ — ਇੰਡੀਅਨ ਬਿੱਲੀ ਯਾਦ ਆਈ ਨਹੀਂ ਕਿ ਮੈਨੂੰ ਮੇਰੀ ਬੇਬੇ ਦੀ ਸਿਮ੍ਰਤੀ ਆ ਘੇਰਦੀ ਹੈ।

ਛੋਟਾ ਹੁੰਦਾ ਮੈਂ ਬੇਬੇ ਦੇ ਝੱਗੇ ਦੀ ਕੰਨੀ ਫੜ੍ਹੀ ਨੱਕ ਦੀ ਨਲ੍ਹੀ ਪੂੰਝਦਾ ਉਹਦੇ ਪਿਛੇ ਪਿਛੇ ਫਿਰਦਾ ਹੁੰਦਾ ਸੀ — ਬੇਬੇ ਪਹਿਲੇ ਘਰ ਜਾਂਦੀ ਤਾਂ ਬੇਬੇ 'ਬਿਸ਼ਨੋ' ਦੇ ਪੈਰੀਂ ਹੱਥ ਲਾਉਣ ਉਪਰੰਤ ਉਹ ਕਹਿੰਦੀ, "ਬੇਬੇ ਜੀ! ਮਾਰਲੇ ਜੈ ਖਾਣੇ ਘਰ ਦੇ ਧੰਦਿਆਂ ਨੇ — ——ਵਿਹਲ ਹੀ ਨੀ ਮਿਲਦਾ ਬਈ ਬੰਦਾ ਦੋ ਘੜੀ ਕਿਸੇ ਕੋਲ ਬੈਠ ਕੇ ਚੱਜ ਦੀ ਗੱਲ ਕਰ ਲੂ।" ਉਥੇ ਬੈਠ ਬੇਬੇ ਬੇਬੀ ਬਿਸ਼ਨੋ ਨਾਲ ਆਪਣੀ ਸੱਸ ਯਾਨਿ ਮੇਰੀ ਦਾਦੀ ਨੂੰ ਨੌਲਦੀ — ਗੁਆਂਢੀਆਂ ਦੀਆਂ ਨੂੰਹਾਂ-ਧੀਆਂ ਦੇ ਚਰਿਤਰਾਂ ਤੇ ਤਬਸਰਾ ਕਰਦੀ ਤੇ ਘਰ-ਘਰ ਦੀ ਅਰਥ ਵਿਵਸਥਾ ਤੇ ਐਡੀਟੋਰੀਅਲ-ਨੁਮਾਗੁਫਤਗੂ ਕਰਦੀ — ਬੇਬੇ ਦਾ ਇਹ ਸਿਲਸਿਲਾ ਜਾਰੀ ਰਹਿੰਦਾ — ਕਦ ਤਕ ? — ਜਦ ਤਕ ਸੱਤ ਘਰ ਪੂਰੇ ਨਾ ਹੋ ਜਾਂਦੇ।

ਮੈਂ ਵੱਡਾ ਹੋ ਗਿਆ — ਨਲ੍ਹੀ ਨੇ ਮੇਰੇ ਨੱਕ ਦਾ ਸਾਥ ਛੱਡ ਦਿੱਤਾ ਤੇ ਮੈਂ ਬੇਬੇ ਦੇ ਝੱਗੇ ਦੀ ਕੰਨੀ ਦਾ — ਪਰ ਬੇਬੇ ਆਪਣਾ ਧਰਮ ਨਿਭਾਉਂਦੀ ਰਹੀ — ਬਿੱਲੀ ਵਾਂਗ ਸੱਤ ਘਰਾਂ ਨੂੰ ਕੱਛਣ ਦਾ — ਸੱਤ ਸੱਤ ਘਰ ਕਰਕੇ ਬੇਬੇ ਦੇ ਪਿੰਡ ਨੂੰ ਕੱਛਣ ਦਾ ਨਤੀਜ਼ਾ ਇਹ ਸੀ ਕਿ ਬੇਬੇ ਦੀ ਪਿੰਡ ਬਾਰੇ ਜਨਰਲ ਨੌਲਿਜ ਯਾਨਿ ਵਾਈਟਲ ਸਟੈਟੇਟਿਕਸ ਬੀ.ਬੀ.ਸੀ. ਦੇ ਮਿਡਲ - ਈਸਟ੍ਰਨ ਏਸ਼ੀਆ ਦੇ ਪੱਤਰ-ਪ੍ਰੇਰਕ ਮਾਰਕ ਤੁਲੀ ਦੀ ਮੱਧ-ਪੂਰਬੀ ਦੇਸਾਂ ਦੀ ਰਾਜਨੀਤੀ ਦੀ ਜਾਣਕਾਰੀ ਨਾਲੋਂ ਵੀ ਵਧੀਕ ਸੀ।

ਮੈਂ ਹੋਰ ਵੱਡਾ ਹੋ ਗਿਆ - ਮੰਗਿਆ ਗਿਆ — ਤੇ ਵਿਆਹ ਕਰਾਉਣ ਲਈ ਕੈਨੇਡਾ ਦੇ ਲੰਮੇ ਸਫਰ ਦੀ ਤਿਆਰੀ 'ਚ ਰੁੱਝ ਗਿਆ — ਮੇਰੇ ਆਪਣੇ ਘਰੋਂ ਵਿਦਾ ਹੋਣ ਤੋਂ ਦੋ ਦਿਨ ਪਹਿਲਾਂ ਬੇਬੇ ਕਹਿ ਰਹੀ ਸੀ, " ਪੁਤ! ਆਪਣੇ ਜਮਾਦਾਰ ਬਚਨ ਸਿਉਂ ਦੇ ਦੋ ਮੁੰਡੇ ਕੈਨੇਡਾ 'ਚ ਨੇ——— ਜਮਾਦਾਰਨੀ ਮੇਰੇ ਪੇਕਿਆਂ ਵੰਨੀ ਦੀ ਆ ——— ਤੇਰੀ ਮਾਸੀ ਲਗਦੀ ਆ ———ਮਿਲਦਾ ਗਿਲਦਾ ਰਿਹਾ ਕਰੀਂ —— —ਤਸ਼ੀਲਦਾਰ ਸ਼ੇਰ ਸਿਉਂ ਦਾ ਪੂਰਾ ਟੱਬਰ ਓਧਰ ਆ ——— ਹੈ ਤਾਂ ਪਾਵੇਂ ਉਹ ਦੂਜੀ ਪੱਤੀਓਂ ——— ਪਰ ਪੁਤ! ਪਿੰਡ ਦਾ ਕੁੱਤਾ ਮਾਨ ਨਹੀਂ ਹੁੰਦਾ — ਉਹ ਤਾਂ ਫਿਰ ਲਹੂ-ਮਾਸ ਦੇ ਬੁੱਤ ਨੇ —— ਤਿਓ ਕਰੀਦਾ ਹੁੰਦੈ ——— ਲੈ ਸੱਚ — ਲੰਬੜਦਾਰ ਕਰਮ ਸਿਉਂ ਦੀ ਕੁੜੀ ਵੀ ਕੈਨੇਡੇ ਆ ——— ਪਿੰਡ ਦੀ ਧੀ-ਭੈਣ ਆਪਦੀ ਧੀ-ਭੈਣ ਹੁੰਦੀ ਆ ——— ਆਉਂਦਾ ਜਾਂਦਾ ਰਹੀਂ ——— ਲੈ ਉਹਦਾ ਕੀ ਨਾਂ ਆ ? ——— ਜੈ ਖਾਣਾ ਦਿਮਾਕ 'ਚ ਤੁਰਿਆ ਫਿਰਦਾ ——— ਹਾਂ ਸੱਚ , ਦਲੀਪ ਸਿਉਂ ਦੇ ਤਿੰਨ ਮੁੰਡੇ ਉਥੇ ਆ ——— ਪ੍ਰਦੇਸਾਂ 'ਚ ਪਿੰਡ ਦੇ ਭਾਈ-ਭਰਾ ਈ ਬਾਹਵਾਂ ਹੁੰਦੇ ਨੇ ——— ਬੋਲੀ-ਚਾਲੀ ਦਾ ਹੁੰਦੈ।"

ਮੈਂ ਕੈਨੇਡਾ ਆ ਗਿਆ — ਟੈਲੀਫੋਨ ਡਾਇਰੈਕਟਰੀ ਦੇ ਪੰਨਿਆਂ ਤੇ ਆਪਣੇ ਲਾਸਟ-ਨੇਮ ਵਾਲਿਆਂ ਦਾ ਨਾਂ ਪੜ੍ਹਕੇ ਮਨ ਨਸ਼ੇ-ਖੁਣੋ , ਤੋੜ ਨਾਲ ਟੁੱਟੇ ਅਮਲੀ ਦੇ ਝੱਗੇ ਦੇ ਗੀਝੇ ਦੀ ਕਿਸੇ ਨੁਕਰੋਂ ਭੋਰਾ ਮਾਵਾ ਮਿਲਣ ਦੀ ਖੁਸ਼ੀ ਨਾਲੋਂ ਵੀ ਜ਼ਿਆਦਾ ਬਾਗ-ਬਾਗ ਹੋ ਗਿਆ — ਇਥੇ ਆਕੇ ਮੈਨੂੰ ਮਹਿਸੂਸ ਹੋਇਆ ਕਿ ਬੇਬੇ ਦੇ ਪੇਕਿਆਂ ਵਲ ਦੀ ਹਰ ਔਰਤ ਮੇਰੀ ਮਾਸੀ ਕਿਉਂ ਲਗਦੀ ਸੀ — ਆਪਣੇ ਗਰਾਈਆਂ ਨੂੰ ਕੈਨੇਡਾ ਦੀ ਪਰਾਈ ਧਰਤੀ ਤੇ ਦੇਖ ਮੈਨੂੰ ਜਾਪਿਆ ਕਿ ਇਸ ਪੱਥਰਾਂ ਦੇ ਮੁਲਕ 'ਚ ਕੋਈ ਮੇਰਾ ਵੀ ਹੈ।

ਇਕ ਦਿਨ ਮੇਰੇ ਗਰਾਈਂ ਦਾ ਫੋਨ ਆਇਆ ਕਿ ਉਹ ਮੈਨੂੰ ਮਿਲਣ ਆ ਰਿਹਾ ਹੈ — ਦਰਵਾਜ਼ੇ ਤੇ ਖੜ੍ਹ ਕੇ ਮੈਂ ਬੇਤਾਬੀ ਨਾਲ ਉਸਦੀ ਇੰਤਜ਼ਾਰ ਕਰਨ ਲੱਗਾ — ਮੇਰੀ ਬੇਤਾਬੀ ਸਦੀਆਂ ਪਹਿਲੋਂ ਰਾਂਝੇ ਦੀ ਬੇਤਾਬੀ ਨਾਲੋਂ ਵੀ ਜ਼ਿਆਦਾ ਸੀ ਜੋ ਮਾਪਿਆਂ ਤੋਂ ਚੋਰੀ ਦੇਸੀ ਘੀ ਦੀ ਚੂਰੀ ਲਿਆ ਰਹੀ ਹੀਰ ਦੇ ਫਿਰਾਕ 'ਚ ਬੇਤਾਬ ਹੁੰਦਾ ਸੀ।

"ਹੋਰ ਸੁਣਾ ਬਈ ਦਿਆਲੀ ——— ਕੀ ਹਾਲ ਆ?" ਗਰਾਈਂ ਨੇ ਮੈਨੂੰ ਇੰਝ ਬੁਲਾਇਆ ਜਿਵੇਂ ਸਾਡੇ ਪਿੰਡ ਦਾ ਸੂਦਖੋਰ ਬਾਣੀਆਂ ਆਪਣੇ ਕਰਜ਼ਦਾਰਾਂ ਨੂੰ ਬੁਲਾਉਂਦਾ ਹੁੰਦਾ ਸੀ।

"ਚੰ——ਗੀ!" ਮੇਰੇ ਮੂੰਹ ਦਾ ਸੁਆਦ ਖਰਾਬ ਹੋ ਗਿਆ, ਲਗਿਆ ਜਿਵੇਂ ਹੀਰ ਤੋਂ ਰਾਂਝੇ ਦੀ ਚੂਰੀ ਕੈਦੋ ਖੋਹ ਕੇ ਲੈ ਗਿਆ ਹੋਵੇ।

"ਕਿੰਨੀਆਂ ਕੁ ਪੜ੍ਹ ਗਿਆ ਸੀ ਤੂੰ?" ਸਿਆਣੇ ਗੋਰਿਆਂ ਦੇ ਸਿਆਣੇ ਮੁਲਕ 'ਚ ਆਪਣੇ ਕਾਲੇ ਗਰਾਈਂ ਦੇ ਬੋਲਣ-ਢੰਗ ਤੇ ਗੁੱਸਾ ਤਾ ਜ਼ਰੂਰ ਆਇਆ ਮੈਨੂੰ, ਪਰ ਸੋਚਿਆ ਇਸ ਅੱਠ ਫੇਲ੍ਹਪੇਂਡੂ ਨੂੰ ਅਕਲ ਦੇਣ ਦਾ ਅਤੀ-ਉਤਮ ਮੌਕਾ ਮਿਲਿਆ ਹੈ — ਆਪਣੀ ਉਨੀਂ ਗਿਰ੍ਹੇ ਦੀ ਛਾਤੀ ਨੂੰ ਇੱਕੀ ਗਿਰ੍ਹੇ ਕਰਦਿਆਂ ਮੈਂ ਕਿਹਾ, "ਪੜ੍ਹ ਤਾਂ ਸਾਰੀਆਂ ਲਈਆਂ ਮੈਂ ——ਐਮ.ਏ. ਕੀਤੀ ਐ ਇੰਗਲਿਸ਼ ਦੀ।" ਸੋਚ ਰਿਹਾ ਸੀ ਮੈਂ , ਹੁਣ ਇਹ ਸੇਲ ਤੇ ਖਰੀਦੀ ਜ਼ੀਨ ਪਾਈ ਕੈਨੇਡੀਅਨ ਮੈਨੂੰ ਯਾਨਿ ਰਘੁਬਰ ਦਿਆਲ ਸਿੰਘ ਨੂੰ ਦਿਆਲੀ ਕਹਿਣ ਲੱਗਾ ਸੱਤ ਵਾਰ ਸੋਚੇਗਾ।

"ਵਧੀਆ ——ਸੁਹਣੀ ਪੜ੍ਹਾਈ ਕੀਤੀ ਆ ਤੂੰ ——— ਪਰ ਉਥੇ ਦੀ ਪੜ੍ਹਾਈ ਇਥੇ ਕੰਮ ਨੀਂ ਆਉਂਦੀ।" — ਜੀਭ ਨੂੰ ਤਿੰਨ ਵਲ ਪਾਉਂਦਾ ਮੇਰਾ ਗਰਾਈਂ ਬੋਲਿਆ, " ਕੀ ਕਰਦਾ ਹੁੰਦਾ ਸੀ ਤੂੰ ਉਥੇ ——— ਸੁਣਿਐ ਕੰਮਾਂ ਦਾ ਤਾਂ ਮੰਦਾ ਈ ਆ ਇੰਡੀਆ 'ਚ।"

ਮੈਨੂੰ ਖੁਸ਼ੀ ਹੋਈ ਕਿ ਅੱਠ ਸਾਲ ਪਹਿਲਾਂ ਮੱਝਾਂ ਚਰਾਉਣ ਵਾਲਾ ਮੇਰਾ ਪੇਂਡੂ, ਜੋ ਕਿਸੇ ਏਜੰਟ ਦੇ ਟੋਟੇ ਚੜ੍ਹ ਇਲ-ਲੀਗਲੀ ਕੈਨੇਡਾ 'ਚ ਵੜਕੇ ਐਮਨੇਸਟੀ ਦੀ ਅਪੀਲ ਤੇ ਹੁਣ ਕੈਨੇਡੀਅਨ ਸਿਟੀਜ਼ਨ ਸੀ, ਨੂੰ ਭਾਰਤ ਦੀ ਅਨ-ਇੰਪਲਾਈਮੈਂਟ ਦਾ ਪਤਾ ਹੈ। "ਮੈਂ ਬੈਂਕ 'ਚ ਕੈਸ਼ੀਅਰ ਸੀ" — ਚੁੱਪ ਚਾਪ ਕਹਿ ਦਿਤਾ ਮੈਂ — ਬਾਕੀ ਵੀ ਤਾਂ ਨਹੀਂ ਬਚਿਆ ਸੀ , ਜਿਵੇਂ ਕੁਝ ਕਹਿਣ ਲਈ।

"ਫੇਰ ਤੂੰ ਇਥੇ ਆਕੇ ਕੀ ਲੈਣਾ ਸੀ?" ਗਰਾਈਂ ਨੇ ਸੁਭਾਵਕ ਕਿਹਾ — ਸੋਚਿਆ, ਕਹਾਂ, ਡਰਾਵਾ, ਸੱਚ ਪੁੱਛੇਂ ਤਾਂ ਤੇਰੇ ਵਰਗਿਆਂ ਨੇ ਇਥੇ ਆਉਣ ਲਈ ਮਜ਼ਬੂਰ ਕੀਤਾ — ਤੂੰ ਅੱਠ ਫੇਲ੍ਹ ਜਦੋਂ ਐਮ.ਏ. ਪਾਸ ਕੁੜੀ ਨਾਲ ਫੇਰੇ ਲੈ ਰਿਹਾ ਸੀ ਤਾਂ ਦਿਲ 'ਚ ਇਕ ਗੱਲ ਵਾਰ ਵਾਰ ਆ ਰਹੀ ਸੀ — ਜਾਂ ਤਾਂ ਕੁੜੀ ਦੇ ਮਾਪੇ ਬੇਵਕੂਫ ਨੇ ਜਾਂ ਕੈਨੇਡਾ ਨਾ ਦੇ ਦੇਸ਼ ਦੀ ਧਰਤੀ ਤੇ ਹਿੰਦੂ ਮਿਥਿਹਾਸ 'ਚ ਆਉਂਦੇ ਸਵਰਗ ਦਾ ਕੋਈ ਟੁਕੜਾ ਡਿੱਗ ਪਿਆ ਹੋਵੇਗਾ — "ਤੂੰ ਕੀ ਕਰਦਾ ਹੁੰਨਾ ?" ਵਿਸ਼ਾ ਬਦਲਣ ਲਈ ਪ੍ਰਸ਼ਨ ਹੀ ਕਰ ਦਿਤਾ ਮੈਂ ਗਰਾਈਂ ਨੂੰ।

"ਆਪਣਾ ਕੰਮ ਸ਼ਾਹੀ ਆ ——— ਕਲੀਨ-ਅੱਪ ਦਾ ਕੰਮ ਆ ——— ਘਟਿ ਦੇ ਅੱਠ ਡਾਲਰ।" — ਛਾਤੀ ਤੇ ਮੂੰਹ ਫੁਲਾ-ਫੁਲਾ ਉਤੱਰ ਦਿੱਤਾ ਗਰਾਈਂ ਨੇ।

"ਤੇ ਭਾਬੀ?" ਬੇਬੇ ਮੁਤਾਬਕ ਪਿੰਡ ਦੀ ਧੀ-ਭੈਣ ਆਪਣੀ ਧੀ-ਭੈਣ ਤੇ ਨਿਸਚੇ ਹੀ ਪਿੰਡ ਦੀ ਨੂੰਹ ਭਾਬੀ, ਸੋਚਕੇ ਮਾਣ ਨਾਲ ਪੁੱਛਿਆ ਮੈਂ।

"ਉਹ ਪਾਰਟ-ਟਾਈਮ ਕੰਮ ਕਰਦੀ ਐ —— ਚਾਰ ਕੁ ਸੌ ਐ ਬਣਾ ਲੈਂਦੀ ਐ ——— ਅਨ-ਅੰਪਲਾਈਮੈਂਟ ਦੇ ਦੋ ਸੌ ਦਾ ਹਰਾ ਚੈਕ ਪੰਦਰਾਂ ਦਿਨ ਬਾਅਦ ਪੀਲ੍ਹੇਲਫਾਵੇ 'ਚ ਡਿੱਗ ਪੈਂਦਾ ।"ਗਰਾਈਂ ਨੇ ਉਂਗਲਾਂ ਦੇ ਪੋਟਿਆਂ ਤੇਹਿਸਾਬ ਕਰਦਿਆਂ ਕਿਹਾ, " ਅੱਛਾ! ਆਪਣੇ ਪਿੰਡ ਦਾ ਕੀ ਹਾਲ ਐ?" ਵਿਸ਼ਾ ਤਬਦੀਲੀ ਦੀ ਮੈਨੂੰ ਖੁਸ਼ੀ ਹੋਈ।

"ਚੰਗਾ, " ਮੈਂ ਅਣਮੰਨੇ ਦਿਲ ਨਾਲ ਕਿਹਾ, "ਸੂਰਜ ਪਹਿਲਾਂ ਵਾਂਗ ਪੂਰਬ ਚੋਂ ਚੜ੍ਹ ਕੇ ਹੌਲੀ ਹੌਲੀ ਪੱਛਮ 'ਚ ਛੁਪ ਜਾਂਦਾ —— ਕੱਚੇ ਘਰਾਂ ਦੀ ਥਾਂ ਪੱਕੇ ਉਸਰੀ ਜਾਂਦੇ ਨੇ ——— ਪਿੰਡ ਦੇ ਲਾਗਦੀ ਸੜਕ ਬਣ ਗਈ ਹੈ ਜਿਸਤੇ ਪੰਜਾਬ ਰੋਡਵੇਜ਼ ਦੀ ਖਸਤਾ ਬੱਸ ਉਪੱਰ-ਥੱਲਿਓਂ ਲੱਦੀ ਦੋ ਚਾਰ ਵਾਰ ਲੰਘਦੀ ਹੈ ——— ਕਰਮ ਸਿਉਂ ਫੀਮ ਵੇਚ ਵੇਚ ਪਿੰਡ ਦਾ ਅਮੀਰ ਆਦਮੀ ਵੀ ਹੈ ਤੇ ਸਰਪੰਚ ਵੀ ——— ਬੇਟ ਦੇ ਇਲਾਕੇ 'ਚ ਬਹੁਤ ਜ਼ਮੀਨ ਬਣਾਈ ਹੈ ਉਹਨੇ ——— ।"

"ਅਹਿਜੀ ਕਮਾਈ ਆਖਰ ਲੈ ਡਿੱਗਦੀ ਹੈ।" ਗਰਾਈਂ ਦੀ ਜੀਭ ਜਿਵੇਂ ਦੰਦਾਂ ਹੇਠ ਆਕੇ ਕੱਟੀ ਗਈ ਸੀ, " ਕਿਸੇ ਹੋਰ ਦੀ ਸੁਣਾ "

ਗਰਾਈਂ ਪਿੰਡ ਦੇ ਕਿਸ ਹਾਲ ਦੀ ਜਾਣਕਾਰੀ ਚਾਹੁੰਦਾ ਸੀ — ਸੋਚਕੇ ਮੈਂ ਕਿਹਾ, "ਝੱਖੜ ਕਿਆਂ ਨੇ ਸਾਰੀ ਜ਼ਮੀਨ ਵੇਚਕੇ ਮੁਕੱਦਮਿਆਂ ਤੇ ਲਾਤੀ ——— ਸਾਧੂ ਗਿੱਲ ਦੀ ਜ਼ਮੀਨ ਕੁੱਤਿਆਂ-ਬੱਲਦਾਂ ਦੇ ਸ਼ੌਕ ਨੂੰ ਹਜ਼ਮ ਹੋ ਗਈ ——— ਫੌਜੇ ਨੇ ਵੀ ਇਹੀ ਰਾਹ ਫੜ ਲਿਆ ਹੁਣ ———।"

"ਫੌਜੇ ਕੇ? ——— ਲੱਗ ਗੇ ਜ਼ਮੀਨ ਬੈਅ ਕਰਨ?" ਗਰਾਈਂ ਦੀਆਂ ਵਾਛਾਂ ਖਿਲ ਗਈਆਂ, " ਕਿੰਨੀ ਕੁ ਬੈਅ ਕਰਨਗੇ ਐਤਕੀਂ? ——— ਵੀਹ ਕੁ ਹਜ਼ਾਰ ਬੈਂਕ 'ਚ ਪਿਆ ——— ਜ਼ਮੀਨ ਖਰੀਦਣ ਦੀ ਸੋਚਦੇ ਆਂ ਅਸੀਂ।"

"ਚੰਗੀ ——ਗੱਲ——ਐ।" ਸੋਚਾਂ ਦੇ ਸਮੁੰਦਰ 'ਚ ਲਹਿ ਗਿਆ ਮੈਂ — —— ਕਾਸ਼ ! ਇਸ ਅੱਠ ਫੇਲ੍ਹ ਸਵਾਈ -ਮਜ਼ਦੂਰ ਨੇ ਕਾਰਲ ਮਾਰਕਸ ਦਾ ਫਲਸਫਾ ਪੜ੍ਹਿਆ ਹੁੰਦਾ । ਸਖਤ ਮੁਸ਼ੱਕਤ ਖੁਸ਼ਹਾਲ ਹੋਣ ਦਾ ਕਿਸੇ ਦਾ ਵੀ ਹੱਕ ਹੈ, ਪਰ ਇਹ ਜੱਟ ਦੀ ਜ਼ਮੀਨ ਖ੍ਰੀਦਣਾ ਗੁਨਾਹ ਹੈ। ਕਮਾਏ ਹੋਏ ਡਾਲਰ ਰੁਪਿਆਂ 'ਚ ਬਦਲ ਕੇ ਸਿਰਫ ਇਕ ਪਰਿਵਾਰ ਦੀ ਖੁਸ਼ਹਾਲੀ ਹੀ ਨਹੀਂ — ਦੇਸ਼ ਦੀ ਖੁਸ਼ਹਾਲੀ ਦਾ ਕਾਰਨ ਬਣ ਸਕਦੇ ਨੇ — ਪਰ ਡਾਲਰਾਂ ਦੀ ਚਮਕ 'ਚ ਅੰਨ੍ਹੇ ਅਨਪੜ੍ਹ ਕੈਨੇਡੀਅਨਾਂ ਨੂੰ ਸਮਝਾਏ ਕੌਣ? " ਯਾਰ! ਤੁਸੀਂ ਪੁਰਾਣੇ ਓ ——— ਕੋਈ ਕੰਮ-ਕੁੰਮ ਈ ਦਵਾਦੇ ———" ਸੋਚੋਂ ਨਿਜਾਤ ਹਾਸਲ ਕਰ ਗੱਲ-ਬਾਤ ਦਾ ਮਾਰਗ ਬਦਲ ਦਿੱਤਾ ਮੈਂ।

"ਕੰਮ?—ਕੰਮ ਕਿੱਥੇ ਇਥੇ ?——— ਦਸ-ਦਸ ਸਾਲ ਦੇ ਲੋਕ ਲੇਅ-ਆਫ ਹੋਏ ਬੈਠੇ ਆ ——— ਆਹ ਬੇਰੀ ਤੋੜਣ ਦਾ ਸੀਜ਼ਨ ਆ ਗਿਆ ——— ਸਟੈਂਪਾਂ ਬਣਾ ਲਈਂ ——— ਤੇ ਸਿਆਲਾਂ ਨੂੰ ਮੌਜ ਕਰੀਂ।"

"ਸ਼ੁਕਰੀਆ! ਨਸੀਹਤ ਲਈ ਧੰਨਵਾਦ !!" ਦਿਲ 'ਚ ਹੀ ਕਹਿ ਸਕਿਆ ਮੈਂ

"ਕਿਤੇ ਆ-ਉ ਜਾਇਆ ਕਰ —— ਸਾਡਾ ਘਰ ਇਥੋਂ ਨੇੜੇ ਈ ਆ।"

"ਜ਼ਰੂਰ " ਐਨਾ ਕਹਿ ਕੇ ਮੈਂ ਸੋਚ ਰਿਹਾ ਸੀ "ਗਰਾਈਂ! ਤੇਰੇ ਵਰਗਿਆਂ ਦੀ ਸੰਗਤ ਕਰਕੇ ਤਾਂ ਮੇਰੀ ਸੋਚ ਤੇਰੇ ਮੇਚੇ ਹੋਏਗੀ, ਤੇ ਉਸ ਸੋਚ ਕਰਕੇ ਮੈਂ ਕੈਨੇਡਾ 'ਚ ਰਹਿਣ ਦੇ ਸਮਰੱਥ ਹੋਵਾਂਗਾ।

ਗਰਾਈਂ ਜਾਣ ਲਈ ਉਠ ਖੜਾ ਹੋਇਆ — ਉਸ ਦੀ ਕਾਰ ਤੋਂ ਵਾਪਸ ਆਉਂਦੇ ਬੇਸਮੈਂਟ ਦੇ ਉਪਰਲੇ ਮਕਾਨ 'ਚ ਹਿੰਦੂ ਪਰਿਵਾਰ ਦੀ ਟੇਪ-ਰਿਕਾਰਡਰ ਚੋਂ ਬੋਲ ਮੇਰੇ ਕੰਨੀਂ ਪਏ — 'ਕਿੰਨੀਂ ਖੁਸ਼ੀ ਸੀ ਤੇਰੇ ਮਿਲਣ ਦੀ — ਕਿੰਨੀ ਉਦਾਸੀ ਹੈ ਜਾਣ ਲਗਿਆਂ ————'

ਪਰ ਮੇਰੀ ਉਦਾਸੀ ਉਸ ਕਵੀ ਦੀ ਉਦਾਸੀ ਤੋਂ ਭਿੰਨ੍ਹ ਸੀ — ਜਿਸਨੇ ਉਪਰਲੇ ਬੋਲਾਂ ਨੂੰ ਕਾਗਜ਼ ਦੀ ਹਿੱਕ ਤੇ ਉਕਰਿਆ ਸੀ।

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈਗ

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ, ਵਿੰਨੀਪੈਗ , ਭਾਰਤ ਸਰਕਾਰ ਵਲੋਂ ਧਾਰਮਕ ਭਾਵਨਾਵਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ, ਅੰਮ੍ਰਿਤਸਰ 'ਚ ਲਏ ਗਏ ਫੌਜੀ ਐਕਸ਼ਨ ਨੂੰ ਅਤੇ ਉਸ ਵਲੋਂ ਫੌਜ ਰਾਹੀਂ ਪੰਜਾਬ ਦੇ ਆਮ ਲੋਕਾਂ ਉਪਰ ਪਾਈ ਜਾ ਰਹੀ ਦਹਿਸ਼ਤ ਨੂੰ ਅਤਿ ਘਿਨਾਉਣਾ, ਨਿੰਦਣਯੋਗ ਅਤੇ ਵਿਹਸ਼ੀ ਕਾਰਜ ਸਮਝਦੀ ਹੈ।

ਅਸੀਂ ਇਹ ਵੀ ਸਮਝਦੇ ਹਾਂ ਕਿ ਸਰਕਾਰ ਦਾ ਇਹ ਬੇਹੂਦਾ ਕਾਰਾ ਆਮ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਉਪਰ ਗਹਿਰੀ ਸੱਟ ਮਾਰਦਾ ਹੈ ਅਤੇ ਫਿਰਕਾਪ੍ਰਸਤ ਵਿਚਾਰਾਂ ਨੂੰ ਪਸਰਨ ਲਈ ਹੋਰ ਮੌਕਾ ਮੁਹੱਈਆ ਕਰੇਗਾ।

ਅਸੀਂ ਭਾਰਤ 'ਚ ਅਤੇ ਵਿਦੇਸ਼ਾਂ 'ਚ ਰਹਿ ਰਹੇ ਸਾਰੇ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਰਕਾਰ ਦੀਆਂ ਪਾੜੋ ਅਤੇ ਰਾਜ ਕਰੋ ਦੀਆਂ ਚਾਲਾਂ ਨੂੰ ਸਮਝਣ ਅਤੇ ਆਪਦੇ ਗੁੱਸੇ ਨੂੰ ਕਿਸੇ ਭਰਾ-ਮਾਰ ਲੜਾਈ 'ਚ ਬਦਲਣ ਦੀ ਬਜਾਏ ਭਾਰਤ ਸਰਕਾਰ ਵਿਰੁੱਧ ਸੇਧਣ।

ਜੂਨ 11,1984

ਕਨਵੀਨਰ
ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ
ਵਿੰਨੀਪੈਗ

ਉਠੋ ਮੇਰੇ ਵਤਨੀ ਲੋਕੋ

ਮਨਜੀਤ 'ਮੀਤ'

ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ
ਮਾਸੂਮਾਂ ਦੀ ਡੁੱਲ੍ਹੀ ਰੱਤ ਨੂੰ
ਭੇਂਟ ਦਿਓ ਕੁਰਬਾਨੀ ਦੀ

ਜਦ ਵੀ ਹੱਕ ਮੰਗੇ ਜਾਂਦੇ ਨੇ
ਜ਼ਾਲਮ ਤਲਵਾਰ ਉਠਾਉਂਦਾ ਏ
ਇਨਸਾਨ ਨਹੀਂ ਉਹ ਬੁਜ਼ਦਿਲ ਏ
ਜੋ ਉਸਨੂੰ ਸੀਸ ਝੁਕਾਉਂਦਾ ਏ
ਹੱਕਾਂ ਲਈ ਜੂਝਣ ਵਾਲੇ ਤਾਂ
ਮਰਕੇ ਵੀ ਦੋਸਤ ਨਹੀਂ ਮਰਦੇ
ਜੋ ਕੁਰਬਾਨੀ ਦੇ ਪੁਤਲੇ ਨੇ
ਉਹ ਤਲਵਾਰੋਂ ਨਹੀਂ ਡਰਦੇ
ਕੁਝ ਕਰਕੇ ਮਰਨ ਦਾ ਵੇਲਾ ਏ
ਛੱਡੋ ਹੁਣ ਬਾਤ ਨਾਦਾਨੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ।

ਮੇਰੇ ਵਤਨੀਂ ਮਜ਼ਲੂਮਾਂ ਦਾ
ਕਿਵੇਂ ਲਹੂ ਵਹਾਇਆ ਜਾਂਦਾ ਏ
ਜੇ ਭੁੱਖਾ ਰੋਟੀ ਮੰਗਦਾ ਏ
ਉਹਦਾ ਜਿਸਮ ਜਲਾਇਆ ਜਾਂਦਾ ਏ
ਅੱਜ ਤਾਕਤ ਦੀ ਮਗਰੂਰੀ ਵਿੱਚ
ਰੱਬ ਦਾ ਘਰ ਢਾਹਿਆ ਜਾਂਦਾ ਏ
ਹਿੰਦੂ ਮੁਸਲਿਮ ਸਿੱਖਾਂ ਤੋਂ
ਇਨਸਾਂ ਮਰਵਾਇਆ ਜਾਂਦਾ ਏ
ਸਦੀਆਂ ਤੋਂ ਕਿਰਤੀ ਵਿਕਦਾ ਏ
ਦਸ ਕੀ ਏ ਜੂਨ ਗੁਲਾਮੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ।

ਇਹ ਧਰਮ ਖੋਖਲੇ ਹੁੰਦੇ ਨੇ
ਧਰਮਾਂ ਦਾ ਰੌਲਾ ਰਹਿਣ ਦਿਓ
ਢੂੰਡੋ ਇਕ ਠੋਸ ਹਕੀਕਤ ਨੂੰ
ਭਰਮਾਂ ਦਾ ਰੌਲਾ ਰਹਿਣ ਦਿਓ
ਧਰਮਾਂ ਲਈ ਕਾਹਤੋਂ ਲੜਦੇ ਹੋ
ਕਿਉਂ ਲੜਦੇ ਨਹੀਂ ਗਰੀਬਾਂ ਲਈ
ਗੁਰਬਤ ਹੈ ਧਰਮ ਗਰੀਬਾਂ ਦਾ
ਇਹ ਮਨਸੂਰ ਨੇ ਬਸ ਸਲੀਬਾਂ ਲਈ
ਜੀਹਨੇ ਲੋਕਾਂ ਲਈ ਸ਼ਮਸ਼ੀਰ ਫੜੀ
ਹਿੰਮਤ ਦੇਖੋ ਮਰਦਾਨੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ।

ਇਕ ਮਾਂ ਦੇ ਜਾਏ ਸਭ ਕਾਮੇ
ਕਿਉਂ ਵੰਡੀਆਂ ਪਾਈ ਜਾਂਦੇ ਹੋ
ਆਪਣੇ ਧਰਮਾਂ ਦੀਆਂ ਸ਼ਹਿਰ ਗਰਾਂ
ਕਿਉਂ ਝੰਡੀਆਂ ਲਾਈ ਜਾਂਦੇ ਹੋ
ਮਾਂ ਜਾਇਆਂ ਦਾ ਲਹੂ ਲਹੂ ਡੋਲ੍ਹ ਕੇ
ਦਸ ਕੌਣ ਬਹਾਦਰ ਬਣਿਆ ਏ
ਜਿਨਾਂ ਚਿਰ ਇਕ ਮੁੱਠ ਨਹੀਂ ਹੁੰਦੇ
ਪੈਣੀ ਨਾ ਕਦਰ ਰਵਾਨੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ।

ਜਿਸ ਧਰਤ ਤੇ ਸਾਕੇ ਹੋਵਣਗੇ
ਉਹ ਧਰਤੀ ਊਧਮ ਜਮੇਗੀ
ਪਹਿਲਾਂ ਜ਼ਾਲਮ ਦਾ ਸਿਰ ਕਲਮ ਕਰੋ
ਫਿਰ ਜ਼ੁਲਮ ਦੀ ਨ੍ਹੇਰੀ ਥੰਮੇਗੀ
ਹੁਣ ਗੈਰਾਂ ਤੇ ਸ਼ਿਕਵੇ ਰਹਿਣ ਦਿਓ
ਆਪਣੇ ਹੀ ਦੁਸ਼ਮਣ ਬਣ ਬੈਠੇ
ਜੋ ਪੂੰਛ ਖੁੱਚਾਂ ਵਿਚ ਰਖਦੇ ਸੀ
ਹੁਣ ਉਹੀਓ ਹਿੱਕਾਂ ਤਣ ਬੈਠੇ
ਪਹਿਲਾਂ ਹਿੱਕ ਤੋਂ ਪੱਥਰ ਲਾਹ ਲਈਏ
ਫਿਰ ਬਾਤ ਚੱਲੂ ਜ਼ਿੰਦਗਾਨੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ।

ਲਾਸ਼ ਮੇਰੀ ਨੂੰ ਫੂਕਣ ਦੇ ਲਈ
ਨਫਰਤ ਦੀ ਅੱਗ ਰਹਿਣ ਦਿਓ
ਢੋਲ ਬਣਾ ਲਿਉ ਮੇਰੇ ਖਿੰਡ ਦਾ
ਦਿਲ ਨੂੰ ਦਿਲ ਦੀਆਂ ਕਹਿਣ ਦਿਓ
ਮਾਸੂਮਾਂ ਦੇ ਕਤਲ ਦੀ ਗਾਥਾ
ਫੇਰ ਸੁਣਾਇਉ ਲੋਕਾਂ ਨੂੰ
ਚੌਧਰੀਆਂ ਨੂੰ ਕਹਿਣਾ ਕੁਰਸੀ ਲਈ
ਨਾ ਮਰਵਾਇਉ ਲੋਕਾਂ ਨੂੰ
ਦੇਸ਼ ਦੇ ਕੋਨੇ ਕੋਨੇ ਫੈਲੀ
ਚੰਦਰੀ ਝਲਕ ਵੀਰਾਨੀ ਦੀ
ਉਠੋ ਮੇਰੇ ਵਤਨੀਂ ਲੋਕੋ
ਬਾਲੋ ਜੋਤ ਜਵਾਨੀ ਦੀ
ਮਾਸੂਮਾਂ ਦੀ ਡੁੱਲ੍ਹੀ ਰੱਤ ਨੂੰ
ਭੇਂਟ ਦਿਓ ਕੁਰਬਾਨੀ ਦੀ।

Goyal Travels Inc.
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
Cheapest Fares to:
FIJI—INDIA—PAKISTAN—COLOMBO—NEPAL


THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
• 2 Asia House, K.G. Marg, New Delhi—110001 Phone 389217
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252

ਧਾਰਮਿਕ ਦਰਪਣ

ਮੂਲ ਮੰਤ੍ਰ

ਕਿਸ਼ਤ ਦਸਵੀਂ

ਸਿਧਾਂਤਕ ਅਤੇ ਕ੍ਰਿਆਤਮਕ ਪੱਖ

ਹਰਚੰਦ ਸਿੰਘ (ਮੈਨੀਟੋਬਾ)

ਮਨੁੱਖੀ ਸਾਧਨਾ ਦੇ ਦ੍ਰਿਸ਼ਟੀ-ਪੱਥ ਤੋਂ ਮੂਲ ਮੰਤ੍ਰ ਦੀਆਂ ਕੁਝ ਅਰਥ-ਸੰਭਾਵਨਾਵਾਂ (implications) ਦਾ ਵਰਣਨ ਅਸੀਂ ਪਿਛੇ ਕਰ ਆਏ ਹਾਂ। ਇਸ ਭਾਗ ਵਿਚ ਮੰਤ੍ਰ ਦੇ ਕੁਝ ਸਿਧਾਂਤਕ ਅਤੇ ਵਿਹਾਰਕ ਭਾਵਾਂ ਨੂੰ ਬਿਆਨ ਕਰਨ ਦਾ ਜਤਨ ਕੀਤਾ ਜਾਏਗਾ।

1. ਇਕ ਨਵੀਨ ਫਲਸਫੇ ਦੀ ਬੁਨਿਆਦ

ਭਾਰਤ ਦੇ ਬਹੁਤ ਥੋੜੇ ਦਰਸ਼ਨ-ਸ਼ਾਸਤਰੀਆਂ ਨੇ ਵਿਸ਼ਵ ਦੀ ਹੋਂਦ ਦੇ ਪ੍ਰਸ਼ਨ ਨੂੰ ਗੰਭੀਰਤਾ ਨਾਲ ਆਪਣੇ ਸਾਹਮਣੇ ਰੱਖਿਆ ਹੈ। ਇਹ ਪ੍ਰਸ਼ਨ ਉਹਨਾਂ ਜਾਂ ਤਾਂ ਨਜ਼ਰੋਂ ਉਹਲੇ ਹੀ ਕਰ ਦਿੱਤਾ, ਜਾਂ ਫੇਰ ਇਸ ਦਾ ਉੱਤਰ ਮਿਥਿਹਾਸਕ ਸ਼ੈਲੀ ਵਿਚ ਦੇਣ ਦਾ ਜਤਨ ਕੀਤਾ।

ਭਾਰਤ ਦੇ ਸਭ ਤੋਂ ਪੁਰਾਣੇ, ਸਾਂਖ ਨਾਮ ਦੇ ਦਰਸ਼ਨ ਦੇ ਕਰਤਾ, ਕਪਲ ਮੁਨੀ ਜੀ ਨਾ ਪ੍ਰਮਾਤਮਾ ਦੀ ਹੋਂਦ ਵਿਚ ਯਕੀਨ ਰੱਖਦੇ ਹਨ, ਅਤੇ ਨਾ ਹੀ ਉਸ ਵਲੋਂ ਸ੍ਰਿਸ਼ਟੀ ਸਾਜਨ ਦੀ ਕ੍ਰਿਆ ਵਿਚ ਵਿਸ਼ਵਾਸ ਰੱਖਦੇ ਹਨ। ਉਹਨਾਂ ਦੇ ਵਿਚਾਰ ਵਿਚ , ਆਰੰਭ ਤੋਂ ਹੀ , ਪ੍ਰਾਕ੍ਰਿਤੀ ਅਤੇ ਅਣ-ਗਿਣਤ ਸਰੀਰ-ਰਹਿਤ ਰੂਹਾਂ (ਜਿਨ੍ਹਾਂ ਨੂੰ ਉਹ 'ਪੁਰਸ਼ਾਂ' ਦਾ ਨਾਮ ਦੇਂਦੇ ਹਨ) ਹੋਂਦ ਰੱਖਦੀਆਂ ਹਨ। ਪ੍ਰਕ੍ਰਿਤੀ ਅਤੇ ਰੂਹਾਂ ਦੇ ਪਰਸਪਰ ਪ੍ਰਭਾਵ)interaction) ਤੋਂ, ਪਹਿਲਾਂ ਪਾਣੀ, ਅੱਗ, ਧਰਤੀ ਆਦਿ ਦੇ ਪੰਜ ਤੱਤ, ਅਤੇ ਫੇਰ ਵੱਖ ਵੱਖ ਪ੍ਰਕਾਰ ਦੇ ਜੀਵ ਜੰਤ ਪੈਦਾ ਹੋ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਕਪਲ-ਮੁਨੀ ਜੀ ਨੇ ਸਿਰਜਨਾ (creation) ਦੀ ਧਾਰਨਾ ਨੂੰ ਤਿਆਗ, ਉਤਕਰਸ ਜਾਂ ਵਿਕਾਸ (evolution) ਦੇ ਕਰਮ ਵਿਚ ਆਪਣਾ ਵਿਸ਼ਵਾਸ਼ ਦ੍ਰਿੜਾਇਆ ਹੈ।

ਯੋਗ ਦਰਸ਼ਨ ਦੇ ਕਰਤਾ, ਰਿਸ਼ੀ ਪੰਤਜਲੀ ਜੀ ਨੇ ਦ੍ਰਿਸ਼ਟ ਵਿਸ਼ਵ ਨੂੰ ਸਮਝਣ ਜਾਂ ਸਮਝਾਉਣ ਦੇ ਸਬੰਧ ਵਿਚ ਆਪਣੇ ਕੋਈ ਨਿੱਜੀ ਵਿਚਾਰ ਪੇਸ਼ ਕਰਨ ਦੀ ਥਾਂ, ਸਾਂਖ ਦਰਸ਼ਨ ਦੇ ਵਿਚਾਰ ਹੀ ਹੂਬਹੂ ਅਪਣਾ ਲਏ ਹਨ।

ਏਥੇ ਸ਼ਾਤਰ ਨੂੰ ਇਹ ਜਾਣਨ ਦੀ ਲੋੜ ਹੈ ਕਿ ਕਪਲ ਜੀ ਦਾ ਸਾਂਖ ਅਤੇ ਪੰਤਜਲੀ ਜੀ ਦਾ ਮੌਲਿਕ ਯੋਗ ਦਰਸ਼ਨ, ਦੋਨੋਂ ਹੀ, ਪ੍ਰਮਾਤਮਾ ਦੀ ਹੋਂਦ ਵਿਚ ਨਿਸ਼ਚਾ ਨਾ ਰੱਖਣ ਵਾਲੇ ਨਾਸਤਿਕ ਫਲਸਫੇ ਹਨ। ਏਹੀ ਗੱਲ ਜੈਨ ਮਤ ਅਤੇ ਬੁੱਧ ਧਰਮ ਦੇ ਸਬੰਧ ਵਿਚ ਕਹੀ ਜਾ ਸਕਦੀ ਹੈ।

ਨੌਵੀਂ ਸਦੀ ਦੇ ਮਹਾਨ ਹਿੰਦੂ ਫਿਲਾਸਫਰ, ਸ਼ੰਕਰ ਆਚਾਰਯਾ ਜੀ, ਜੋ ਅਦਵੈਤ ਵੇਦਾਂਤ ਦੇ ਬਾਨੀ ਮੰਨੇ ਜਾਂਦੇ ਹਨ, ਨੇ ਬ੍ਰਹਮ ਦੀ ਹੋਂਦ ਵਿਚ ਵਿਸ਼ਵਾਸ਼ ਪ੍ਰਗਟੇ ਕਰਨ ਦਾ ਸਾਹਸ ਤਾਂ ਕੀਤਾ,ਪਰ ਉਹ ਵਿਸ਼ਵ ਦੀ ਹੋਂਦ ਨੂੰ ਆਪਣੇ ਬ੍ਰਹਮ ਨਾਲ ਜੋੜਨ ਦਾ ਹੀਆ ਨਾ ਕਰ ਸਕੇ। ਆਚਾਰਯਾ ਜੀ ਨਾ ਕੇਵਲ ਬ੍ਰਹਮ ਨੂੰ ਵਿਸ਼ਵ ਦਾ ਕਰਤਾ ਮੰਨਣ ਤੋਂ ਮੁਨਕਰ ਹਨ, ਸਗੋਂ ਉਹ ਦ੍ਰਿਸ਼ਮਈ ਸੰਸਾਰ ਨੂੰ ਸੱਚਾ ਅਤੇ ਅਸਲੀ ਮੰਨਣ ਤੋਂ ਵੀ ਇਨਕਾਰ ਕਰਦੇ ਹਨ। ਉਹਨਾਂ ਦੇ ਵਿਚਾਰ ਵਿਚ ਸਾਡੇ ਗਿਆਨ ਇੰਦ੍ਰਿਆਂ ਨੂੰ ਰੂਪ , ਰਫਤਾਰ,ਮਿਠਾਸ, ਆਵਾਜ਼ ਅਤੇ ਸੁਗੰਧੀ ਦੇ ਪ੍ਰਭਾਵੰ ਦੇਣ ਵਾਲਾ ਸੰਸਾਰ, ਅਸਲੀਅਤ ਵਿਚ ਹੋਂਦ ਨਹੀਂ ਰੱਖਦਾ। ਇਹ ਕੇਵਲ ਮਨੁੱਖੀ ਮਨ ਦਾ ਭ੍ਰਮ ਜਾਂ ਭੁਲੇਖਾ ਹੈ।

ਜਿਸ ਧਰਤੀ ਉਪਰ ਅੱਖਾਂ ਸਾਹਮਣੇ ਪਸਰੇ ਹੋਏ ਵਿਸ਼ਵ ਦੀ ਹੋਂਦ ਨੂੰ ਲੰਮੇ ਸਮੇਂ ਤਾਈਂ ਝੁਟਲਾਇਆ ਜਾਂਦਾ ਰਿਹਾ ਹੋਵੇ, ਜਿਸ ਧਰਤੀ ਉਪਰ ਕਪਲ ਅਤੇ ਪਤੰਜਲੀ ਜੇਹੇ ਮਹਾਨ ਰਿਸ਼ੀਆਂ ਨੇ ਅਨ-ਈਸ਼ਰਵਾਦ ਦਾ ਖੁੱਲਾ ਪਰਚਾਰ ਕੀਤਾ ਹੋਵੇ,ਜਿਸ ਦੇਸ਼ ਅੰਦਰ ਬੁੱਧ ਜੇਹੇ ਮਹਾਨ ਦਰਸ਼ਨ-ਵੇਤਾ ਨੇ ਪ੍ਰਮਾਤਮਾ ਦੀ ਹੋਂਦ ਵਿਚ ਆਪਣੇ ਵਿਸ਼ਵਾਸ਼ ਦਾ ਇਕ ਵਾਕ ਤਾਈਂ ਕਹਿਣ ਦੀ ਹਿੰਮਤ ਨਾ ਕੀਤੀ ਹੋਵੇ, ਉਸ ਧਰਤੀ ਉਪਰ ਗੁਰੂ ਨਾਨਕ ਦੇਵ ਜੀ ਦਾ,ਡੰਕੇ ਦੀ ਚੋਟ ਨਾਲ ,ਨਾ ਕੇਵਲ ਓਅੰਕਾਰ ਪੁਰਖ ਦੀ ਹੋਂਦ ਵਿਚ ਆਪਣਾ ਵਿਸ਼ਵਾਸ਼ ਪ੍ਰਗਟ ਕਰਨਾ, ਸਗੋਂ ਉਸ ਨੂੰ ਸਾਰੇ ਵਿਸ਼ਵ ਦਾ ਕਰਤਾ ਦੱਸਣਾ, ਕੋਈ ਸਾਧਾਰਨ ਕਰਮ ਨਹੀਂ ਹੈ। ਆਪਣੇ ਇਸ ਅਸਾਧਾਰਨ ਕਰਮ ਦੁਆਰਾ , ਗੁਰੂ ਜੀ ਇਕ ਪਾਸੇ ਅੰਤਮ ਸੱਚ ਦੀ ਹਸਤੀ ਵਿਚ ਆਪਣਾ ਅਟੱਲ ਵਿਸ਼ਵਾਸ਼ ਦਰਸਾ ਰਹੇ ਹਨ, ਅਤੇ ਦੂਜੇ ਪਾਸੇ, ਭਾਰਤ ਦੀ ਵਿਸ਼ਾਲ ਧਰਤੀ ਤੇ ਸਦੀਆਂ ਤੋਂ ਚਲੇ ਆ ਰਹੇ ਸ਼ਕਤੀ-ਸ਼ਾਲੀ ਹਿੰਦੂ ਫਲਸਫੇ ਨਾਲ ਸਿਧੀ ਟੱਕਰ ਲੈ, ਇਸ ਦੇ ਕਈ ਬਨਿਆਦੀ ਤੱਥਾਂ ਦੇ ਅਸ਼ੁੱਧ ਅਤੇ ਦੋਸ਼-ਪੂਰਨ ਹੋਣ ਦੀ ਖੁੱਲੀ ਘੋਸ਼ਣਾ ਕਰਦੇ ਹੋਏ , ਇਕ ਨਵੀਨ ਅਤੇ ਵੱਖਰੇ ਫਲਸਫੇ ਦਾ ਨੀਂਹ-ਪੱਥਰ ਰੱਖ ਰਹੇ ਹਨ।

2. ਸਿਖ ਧਰਮ ਇਕ ਆਸ਼ਾਵਾਦੀ ਸਿਧਾਂਤ

ਜਿਸ ਤਰਾਂ ਪ੍ਰਭੂ ਆਪ ਹਮੇਸ਼ਾ ਰਹਿਣ ਵਾਲੀ ਹੋਂਦ (ਅਕਾਲ-ਮੂਰਤਿ) ਹੈ, ਉਸ ਤਰਾਂ ਉਸ ਦਾ ਨਾਮ ਵੀ ਹਮੇਸ਼ਾ ਰਹਿਣ ਵਾਲਾ (ਸਤਿ ਨਾਮ) ਹੈ। ਅਸੀਂ ਕਿਸੇ ਐਸੀ ਸਥਿਤੀ , ਕਿਸੇ ਐਸੀ ਦਸ਼ਾ, ਦਾ ਸੰਕਲਪ ਨਹੀਂ ਕਰ ਸਕਦੇ ਜਦ ਕਿ ਪ੍ਰਭੂ ਦਾ ਪਵਿੱਤਰ ਨਾਮ ਅਲੋਪ ਹੋ ਜਾਏ। ਰੱਬੀ ਨਾਮ ਦੇ ਪੂਰਨ-ਰੂਪ ਵਿਚ ਅਲੋਪ ਹੋ ਜਾਣ ਦਾ ਅਰਥ ਹੈ ਸਭ ਹਿਰਦਿਆਂ ਵਿਚੋਂ ਉਸ ਦਾ ਪੂਰਨ ਅਭਾਵ ਹੋ ਜਾਣਾ, ਵਿਸ਼ਵ ਵਿਚ ਪੂਰਨ ਨਾਸਤਿਕਤਾ ਦਾ ਪ੍ਰਸਾਰ ਹੋ ਜਾਣਾ। ਸਿਖ ਧਰਮ ਦੇ ਬਾਨੀ ਦੇ ਵਿਚਾਰ ਵਿਚ ਇਹ ਇਕ ਸਵੈ-ਵਿਰੋਧੀ ਜੇਹਾ ਕਥਨ ਹੈ। ਧਰਮ ਤੋਂ ਬਗੈਰ ਸੰਸਾਰ ਦੀ ਹੋਂਦ ਦੀ ਕਲਪਨਾ ਕਰਨਾ, ਤਪਸ਼ ਤੋਂ ਬਗੈਰ ਅਗਨੀ ਦੀ ਹੋਂਦ ਦਾ ਸੰਕਲਪ ਕਰਨ ਦੇ ਬਰਾਬੱਰ ਹੈ। ਜੀਵ-ਆਤਮਾ,ਪਰਮ-ਆਤਮਾ ਦਾ ਹੀ ਇਕ ਅੰਸ਼ ਹੈ, ਉਸ ਵਿਚੋਂ ਪ੍ਰਮਾਤਮਾ ਦੀ ਹੋਂਦ ਦਾ ਖਤਮ ਹੋ ਜਾਣਾ , ਆਪਣੇ ਆਪ (ਤੱਤ, essence) ਨੂੰ ਖਤਮ ਕਰਨ ਦੇ ਸਮਾਨ ਹੋ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ , ਆਪਣੇ ਸ਼ਾਤਰਾਂ ਨੂੰ ਸਤਿ ਪੁਰਖ ਓਅੰਕਾਰ ਦੇ ਨਾਮ ਦੇ ਸਤਿ ਹੋਣ (ਸਦਾ ਰਹਿਣ) ਦਾ ਸੰਦੇਸ਼ ਦੇਣਾ, ਉਹਨਾ ਲਈ ਆਪਣੇ ਰੱਬੀ ਵਿਸ਼ਵਾਸ਼ ਵਿਚ ਦ੍ਰਿੜ੍ਹ ਅਤੇ ਸਮੁੱਚੇ ਜੀਵਨ ਵਿਚ ਆਸ਼ਾਵਾਦੀ ਬਣੇ ਰਹਿਣ ਵਿਚ ਸਹਾਇਕ ਹੁੰਦਾ ਹੈ।

3.ਮਨੁੱਖੀ ਜੀਵਨ ਦੀ ਅਰਥਪੂਰਣਤਾ

ਜੇ ਭਾਰਤ ਦੇ ਕੁਝ ਆਚਾਰੀਯਾਂ ਦੀ ਸਿੱਖਿਆ ਨੂੰ ਗ੍ਰਹਿਣ ਕਰ,ਸ੍ਰਿਸ਼ਟੀ ਨੂੰ ਇਕ ਭੁਲਾਵਾ ਹੀ ਸਮਝ ਲਿਆ ਜਾਏ, ਤਾਂ ਸ੍ਰਿਸ਼ਟੀ ਦਾ ਇਕ ਭਾਗ ਹੋਣ ਕਾਰਨ, ਮਾਨਵ ਦੀ ਆਪਣੀ ਹੋਂਦ ਵੀ ਇਕ ਭੁਲਾਵਾ ਬਣ ਜਾਂਦੀ ਹੈ। ਮਾਨਵ ਦੀ ਹੋਂਦ ਅਸਲੀਅਤ ਤੋਂ ਸੱਖਣੀ ਮੰਨਣ ਨਾਲ ਮਨੁੱਖੀ ਜੀਵਨ ਇਕ ਨਿਰਾਰਥਕ ਪੰਧ ਜਾਂਦਾ ਹੈ ਜਿਸ ਵਿਚ ਨਾ ਕੋਈ ਤੀਬਰ ਰਸ ਰਹਿ ਜਾਂਦਾ ਹੈ ਅਤੇ ਨਾ ਹੀ ਕੋਈ ਉਚਾ ਮਨੋਰਥ। ਇਹ ਦਸ਼ਾ , ਜੀਵ ਨੂੰ ਆਲਸ, ਗੈਰ-ਜ਼ਿਮੇਦਾਰੀ ਅਤੇ ਕੁਕ੍ਰਿਤ ਦੇ ਰਾਹ ਤੇ ਪਾ, ਉਸ ਨੂੰ ਆਪਣੇ ਜੀਵਨ ਦੇ ਸਹੀ ਮੰਤਵ ਤੋਂ ਬਹੁਤ ਦੂਰ ਲੈ ਜਾਂਦੀ ਹੈ।

ਸ੍ਰਿਸ਼ਟੀ ਦੀ ਹੋਂਦ ਤੇ ਸ਼ੰਕਾ ਕਰਨ, ਜਾਂ ਇਸ ਨੂੰ ਬਹੁਤ ਘੱਟੀਆ ਦਰਜਾ ਦੇਣ ਦੀ ਪ੍ਰਵ੍ਰਿਤੀ ਹੀ ਉਹ ਮੁੱਖ ਕਾਰਨ ਸੀ, ਜੋ ਸਮਾਂ ਪਾ ਕੇ, ਮੋਕਸ਼ ਪ੍ਰਾਪਤੀ ਦੇ ਵਿਸ਼ੇ ਤੇ ਮਾਨਵ ਲਈ ਸੰਸਾਰ ਤਿਆਗਨ ਦੇ ਸਿਧਾਂਤ ਦੇ ਰੂਪ ਵਿਚ ਪ੍ਰਗਟ ਹੋਇਆ। ਹਿੰਦੂ ਧਰਮ ਦੇ ਛੇ ਕੱਟਰ-ਪੰਥੀ ਮਤਾਂ (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ ਤੇ ਵੇਦਾਂਤ) ਅਤੇ ਦੋ ਧਰਮ-ਵਿਰੋਧੀ ਮਤਾਂ (ਬੁੱਧ ਮਤ ਤੇ ਜੈਨ ਮਤ) ਨੇ ਮੋਕਸ਼-ਪ੍ਰਾਪਤੀ ਲਈ, ਕਿਸੇ ਨਾ ਕਿਸੇ ਰੂਪ ਵਿਚ, ਜੀਵ ਲਈ ਸੰਸਾਰਕ ਸੰਬੰਧਾਂ ਤੇ ਸਮਾਜਕ ਜ਼ਿਮੇਂਦਾਰੀਆਂ ਦਾ ਤਿਆਗ ਜ਼ਰੂਰੀ ਸ਼ਰਤ ਦਸਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰਿਸ਼ਟੀ ਨੂੰ ਕਰਤਾਰ ਪੁਰਖ ਦੀ ਰਚਨਾ ਦੱਸਣਾ, ਇਸ ਦਾ ਪਦ ਉਨੱਤ ਕਰਨ, ਇਸ ਦਾ ਦਰਜਾ ਵਧਾਉਣ, ਦਾ ਇਕ ਬੜਾ ਗੁਣਕਾਰੀ ਢੰਗ ਹੈ। ਜੇ ਸੰਸਾਰ ਸੱਚੇ ਕਰਤਾਰ ਦਾ ਸਾਜਿਆ ਹੋਇਆ ਹੈ, ਤਾਂ ਇਹ ਅਰਥ-ਹੀਣ ਨਹੀਂ ਹੋ ਸਕਦਾ, ਇਸ ਦਾ ਜ਼ਰੂਰੀ ਕੋਈ ਮੰਤਵ ਹੈ। ਜੇ ਮਾਨਵ ਸੰਸਾਰਕ ਰਚਨਾ ਦਾ ਅੰਗ ਹੈ ਤਾਂ ਇਸ ਦਾ ਜੀਵਨ ਨਿਰਾਰਥਕ ਨਹੀਂ ਹੋ ਸਕਦਾ, ਇਸ ਦਾ ਜ਼ਰੂਰ ਕੋਈ ਉਚਾ ਪ੍ਰਯੋਜਨ ਹੈ। ਸਿੱਖ ਗੁਰੂ ਸਾਹਿਬਾਨ ਦਾ ਫਲਸਫਾ ਆਪਣੇ ਸ਼ਾਤਰਾਂ ਨੂੰ ਸੰਸਾਰ ਵਿਚ ਰਹਿ ਕੇ ਆਪਣੇ ਜੀਵਨ ਦੇ ਪਰਮ ਮਨੋਰਥ ਨੂੰ ਪ੍ਰਾਪਤ ਕਰਨ ਦਾ ਸਬਕ ਦੇਂਦਾ ਹੈ। ਸੰਸਾਰ ਏਨਾ ਬੁਰਾ ਨਹੀਂ ਕਿ ਇਸ ਦੇ ਝੰਬੇਲਿਆਂ ਤੇ ਸੌਦਿਆਂ ਤੋਂ ਡਰ ਅਸੀਂ ਕਿਸੇ ਸੁੰਞੇ, ਉਜਾੜ ਸਥਾਨ ਤੇ ਪਹੁੰਚ, ਆਪਣਾ ਨਿਵਾਸ ਜਾ ਕਰੀਏ। ਮਾਨਵ ਨੇ ਇਸ ਵਿਚ ਰਹਿ ਕੇ , ਇਸ ਦੀਆਂ ਸਭ ਵੰਗਾਰਾਂ ਨੂੰ ਸਵੀਕਾਰ ਕਰ, ਸੰਘਰਸ਼ ਦਾ ਜੀਵਨ ਬਤਾਉਣਾ ਹੈ। ਮਨੁੱਖ ਨੇ ਜੀਵਨ ਦੀਆਂ ਸਭ ਮੰਗਾਂ ਅਤੇ ਸਮੱਸਿਆਵਾਂ ਉੱਪਰ ਵਿਜੈ ਪ੍ਰਾਪਤ ਕਰ, 'ਅਗਲੇ ਸੰਸਾਰ' ਵਿਚ ਪੁੱਜ, ਮਾਨ ਅਤੇ ਸਤਿਕਾਰ ਪ੍ਰਾਪਤ ਕਰਨਾ ਹੈ।

ਮੰਤ੍ਰ ਦੇ ਅੰਤ ਵਿਚ 'ਗੁਰ ਪ੍ਰਸਾਦਿ' ਦੇ ਅੱਖਰ ਲਿਖੇ ਹੋਏ ਮਿਲਦੇ ਹਨ। ਇਹਨਾਂ ਅੱਖਰਾਂ ਦਾ ਆਸ਼ਾ ਹੈ: ਗੁਰੂ ਦੀ ਸਿਖਿਆ ਧਾਰਨ ਕਰ, ਪ੍ਰਮਾਤਮਾ ਨੂੰ ਜਾਣਿਆ ਅਤੇ ਮਿਲਿਆ ਜਾ ਸਕਦਾ ਹੈ। ਸੋ ਪ੍ਰਮਾਤਮਾ ਨਾਲ ਮਿਲਾਪ ਹੀ ਮਨੁੱਖੀ ਜੀਵਨ ਦਾ ਮੁੱਖ ਉਦੇਸ਼ ਹੈ। ਗੁਰੂ ਜੀ ਦਸਦੇ ਹਨ ਕਿ ਸੰਸਾਰਕ ਜੀਵਾਂ ਨਾਲ ਪਿਆਰ ਦਾ ਵਰਤਾਉ ਕਰਦੇ ਹੋਏ ਅਤੇ ਉਹਨਾਂ ਦੇ ਕਰਤਾ ਦੀ ਪਿਆਰ ਭਰੀ ਯਾਦ ਸਦਾ ਆਪਣੇ ਮਨ ਵਿਚ ਰੱਖਦੇ ਹੋਏ, ਮਨੁੱਖੀ ਜੀਵਨ ਦਾ ਮੁੱਖ ਉਦੇਸ਼ ਪ੍ਰਾਪਤ ਕੀਤਾ ਜਾ ਸਗਦਾ ਹੈ।

4. ਮਾਨਵ ਜਾਤੀ ਦੀ ਸਮਾਨਤਾ

ਕੁਝ ਮਜ਼ਬਾਂ ਦੇ ਪੈਰੋਕਾਰ ਆਪਣੇ ਆਪ ਨੂੰ ਰੱਬ ਦੀ ਖਾਸ ਸੰਤਾਨ ਸਮਝਦੇ ਹਨ। ਉਦਾਹਰਣ ਵਜੋਂ, ਯਹੂਦੀ ਧਰਮ ਅਨੁਸਾਰ, ਯਹੂਦੀ ਲੋਕ ਰੱਬ ਦੇ ਉਹ ਚੁਣੇ ਹੋਏ ਬੰਦੇ ਹਨ ਜਿਨ੍ਹਾਂ ਉੱਪਰ ਉਸ ਦੀ ਖਾਸ ਬਖਸ਼ਿਸ਼ ਹੁੰਦੀ ਰਹਿੰਦੀ ਹੈ, ਜਿਸ ਤੋਂ ਬਾਕੀ ਧਰਮਾਂ ਦੇ ਲੋਕ ਵੰਚਿਤ ਰਹਿੰਦੇ ਹਨ। ਥੋੜੀ ਜਾਂ ਅਧਿਕ ਮਾਤਰਾ ਵਿਚ , ਇਹ ਵਿਚਾਰ ਵਿਸ਼ਵ ਦੇ ਬਹੁਤ ਸਾਰੇ ਧਰਮਾਂ ਦੇ ਅਨੁਯਾਈਆਂ ਦੇ ਵਿਸ਼ਵਾਸ ਦਾ ਜ਼ਰੂਰੀ ਅੰਸ਼ ਹੈ। ਇਹ ਤੰਗ ਵਿਚਾਰ ਇਕ ਪਾਸੇ ਪੂਰਨ ਪੁਰਖ ਪ੍ਰਮਾਤਮਾ ਉਪਰ ਪੱਖਪਾਤੀ ਹੋਣ ਦਾ ਦੋਸ਼ ਲਾ, ਉਸ ਦੇ ਮਹਾਨ ਦਰਜਾ ਨੂੰ ਘਟਾਉਣ ਦਾ ਕਾਰਨ ਬਣਦਾ ਹੈ, ਅਤੇ ਦੂਜੇ ਪਾਸੇ ਇਨਸਾਨ ਦੇ ਦਿਲ ਵਿਚ ਇਨਸਾਨ ਲਈ ਘਿਰਨਾ ਦੇ ਬੀਜ ਬੀਜਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਭ ਸ੍ਰਿਸ਼ਟੀ ਨੂੰ ਇਕ ਪ੍ਰਮੇਸ਼ਰ ਦੀ ਉਤਪੱਤੀ ਦੱਸਣਾ ਇਹ ਸਿੱਧ ਕਰਦਾ ਹੈ ਕਿ ਸਰਬ ਮਾਨਵਤਾ ਕੇਵਲ ਇਕ ਪਿਤਾ ਦੀ 'ਸੰਤਾਨ' ਹੈ। ਪਿਤਾ ਦੀਆਂ ਨਜ਼ਰਾਂ ਵਿਚ ਸਭ ਬੱਚੇ ਬਰਾਬਰ ਹੁੰਦੇ ਹਨ। ਸਿੱਖ ਧਰਮ ਅਨੁਸਾਰ, ਕਰਤਾਰ ਇਕ ਸਮ-ਦ੍ਰਿਸ਼ਟ ਪੁਰਖ ਹੈ। ਨਾ ਉਹ ਯਹੂਦੀਆਂ ਨਾਲ ਜ਼ਿਆਦਾ ਪਿਆਰ ਕਰਦਾ ਹੈ ਅਤੇ ਨਾ ਈਸਾਈਆਂ ਨਾਲ। ਨਾ ਉਹ ਹਿੰਦੂਆਂ ਤੋਂ ਘਿਰਣਾ ਕਰਦਾ ਹੈ ਅਤੇ ਨਾ ਮੁਸਲਮਾਨਾਂ ਤੋਂ। ਉਹ ਕੇਵਲ ਉਹਨਾਂ ਬੰਦਿਆਂ ਨੂੰ ਆਪਣੇ ਜ਼ਿਆਦਾ ਨੇੜੇ ਸਮਝਦਾ ਹੈ ਜੋ ਉਸ ਦੀ ਪੈਦਾ ਕੀਤੀ ਹੋਈ ਖਲਕਤ ਨਾਲ ਪਿਆਰ ਅਤੇ ਪਰਉਪਕਾਰ ਦਾ ਵਿਹਾਰ ਕਰਦੇ ਹਨ। ਉਸ ਦੀ ਖਲਕਤ ਨੂੰ ਪਿਆਰ ਕਰਨ ਵਾਲੇ ਬੰਦੇ, ਯਹੂਦੀ ਵੀ ਹੋ ਸਕਦੇ ਹਨ ਅਤੇ ਈਸਾਈ ਵੀ, ਹਿੰਦੂ ਵੀ ਹੋ ਸਕਦੇ ਹਨ ਅਤੇ ਮੁਸਲਮਾਨ ਵੀ।

ਪਰਮ ਪੁਰਖ ਦੇ ਸਮ-ਦ੍ਰਿਸ਼ਟ ਹੋਣ ਤੋਂ ਇਨਕਾਰ ਕਰਨਾ, ਇਕ ਸਰਵ-ਉਚ ਤੇ ਸਰਵ-ਸ੍ਰੇਸ਼ਟ ਹਸਤੀ ਦਾ ਦਰਜਾ ਘਟਾ, ਉਸ ਨੂੰ ਇਕ ਛੋਟੇ ਜੇਹੇ ਕਬੀਲੇ ਦਾ ਸਰਦਾਰ ਬਣਾਉਣ ਵਾਲੀ ਗੱਲ ਹੈ।

Panjabi Guide No. 1
(ਪੰਜਾਬੀ ਗਾਈਡ ਨੰਬਰ 1)

ਛਪ ਕੇ ਤਿਆਰ ਹੋ ਗਈ
4 ਸਾਲ ਤੋਂ 8 ਸਾਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ
ਕੀਮਤ ਕੇਵਲ 5 ਡਾਲਰ

Panjabi Guide No. 2

ਇਹ ਵਰਕ-ਬੁੱਕ ਉਨ੍ਹਾਂ ਲਈ ਹੈ ਜੋ ਅੰਗਰੇਜ਼ੀ ਜਾਣਦੇ ਹਨ ਤੇ ਪੰਜਾਬੀ ਸਿਖਣਾ ਚਾਹੁੰਦੇ ਹਨ।
ਕੀਮਤ ਕੇਵਲ 10 ਡਾਲਰ
ਪੰਜਾਬੀ ਪ੍ਰੇਮੀਆਂ ਲਈ ਅਦੁੱਤੀ ਤੋਹਫਾ - ਅੱਜ ਹੀ ਹੇਠ ਲਿਖੇ ਪਤੇ ਤੇ ਦੋਵਾਂ ਗਾਈਡਾਂ ਲਈ ਲਿਖੋ :—

Kesar Singh
13487 - 98 A Ave.
Surrey, B.C. CANADA V3T 1C7.
Ph. (604)581-3185

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
SUBSCRIPTION FORM

To
The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address...
City...
Province..
Postal code..
PHONE.

One Year ....20 dollars
Two Year ....35 dollars
Three year ....50 dollars
Life membership....................200 dollars
ASIA......................................80 dollars(a year)
U.S.A. ....25 dollars(a year)
Europe ....80 dollars(a year)
Africa ....80 dollars(a year)

ਸੇਫ ਡਰਾਈਵਿੰਗ ਗਾਈਡ

ਹੁਣ ਡਰਾਈਵਿੰਗ ਸਿਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਗਈ ਹੈ।

ਬਾਬੂ ਬਾਂਸਲ ਨੇ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਬੋਲੀਆਂ ਵਿਚ ਕਿਤਾਬ ਛਾਪੀ ਹੈ ਜਿਸਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ। ਅੱਜ ਹੀ ਇਨ੍ਹਾਂ ਸਟੋਰਾਂ ਤੋਂ ਖਰੀਦੋ।

Available At:
Advance Driving School
4677 Main St., Vancouver
Ph. 872-7375

Main Food Centre
6681 Main S. Vancouver
Ph. 324-4185

Goyal Video King
4156 Fraser ST., Vancouver
Ph. 873-8308

Mann Music & Video
6512 Main St., Vancouver
Ph. 321-6667

Paul's Plumbing
4774 Main St., Vancouver
Ph. 872-3118

ਮਾਡਰਨ ਡਾਇਰੈਕਟਰੀ

ਇਲੈਕਸ਼ਨ — ਸਰਕਾਰੀ ਸਾਹਨ, ਜੋ ਫਸਲਾਂ ਨੂੰ ਉਜਾੜਦਾ ਹੈ।
ਅਖਬਾਰਾਂ — ਟੋਕਾ, ਜਿਸ ਵਿਚ ਪੜ੍ਹੇ ਲਿਖਿਆਂ ਲਈ ਪੱਠੇ ਕੁਤਰੇ ਜਾਂਦੇ ਹਨ
ਫਰਿਜ਼ — ਮਗਰਮੱਛ, ਜੋ ਪਹਾੜਾਂ ਵਿਚ ਫੈਲ ਕੇ ਮੈਦਾਨ ਵਿਚ ਦਵਾਈ ਬਣ ਜਾਂਦੀ ਹੈ।
ਗਵਰਨਰ — ਕਾਗਜ਼ੀ ਰਾਵਣ, ਜੋ ਦਸਹਿਰੇ ਦੀ ਇੰਤਜ਼ਾਰ ਵਿਚ ਖੜ੍ਹਾ ਹੁੰਦਾ ਹੈ।
ਜਨਤਾ — ਕੱਖ ਕਾਨ ਤੇ ਘੱਟਾ, ਜੋ ਤੂਫਾਨ, ਝੱਖੜ, ਤੇ ਬਾਵਰੋਲਾ ਵੀ ਬਣ ਸਕਦੀ ਹੈ।
ਪਟਵਾਰੀ — ਬੰਦ ਧਾਰੀ, ਪੈਸੇ ਰੱਖੋ ਝਟ ਵਾਰੀ।
ਪੁਲਸ — ਡਾਂਗਾਂ ਨਾਲ ਕੱਪੜੇ ਧੋਣ ਵਾਲੀ ਮਸ਼ੀਨ।
ਫੌਜ - ਕੰਡੇਦਾਰ ਤਾਰ, ਜੋ ਟੱਪਣ ਵਾਲੇ ਨੂੰ ਜ਼ਖਮੀ ਕਰ ਦਿੰਦੀ ਹੈ।
ਰਿਸ਼ਵਤ — ਤੇਲ ਦਾ ਪੀਪਾ, ਜੋ ਅੱਗ ਬੁਝਾਉਣ ਦੇ ਕੰਮ ਆਉਂਦਾ ਹੈ।
ਸਿਫਾਰਸ਼ — ਦਵਾਈ, ਜੋ ਹਾਲੇ ਤੱਕ ਕਿਸੇ ਨੇ ਪੇਟੈਂਟ ਨਹੀਂ ਕਰਾਈ।
ਪ੍ਰਮਾਤਮਾ — ਸ਼ਰਨਾਰਥੀ, ਜਿਸਦੇ ਕਲੇਮ ਦੀ ਤਸਦੀਕ ਕਰਨ ਵਾਲਾ ਕੋਈ ਨਹੀਂ।
ਕੁਰਸੀ — ਬਿਜਲੀ ਦਾ ਖੰਭਾ, ਜਿਥੇ ਠੰਡਾ ਹੋ ਕੇ ਆਦਮੀ ਥੱਲੇ ਡਿੱਗਦਾ ਹੈ।
ਕਲਰਕ — ਜੋਤਸ਼ੀ, ਜੋ ਰਾਸ਼ੀ ਵੇਖ ਕੇ ਫਲ ਦੇਂਦਾ ਹੈ।
ਚੌਕੀਦਾਰ — ਉਹ ਚੋਰ, ਜਿਸ ਉਤੇ ਮਾਲਕ ਦੀ ਅੱਖ ਰਹਿੰਦੀ ਹੈ।
ਵੇਸਵਾ — ਮੋਟਰਕਾਰ, ਜਿਸ ਵਿਚ ਜਿੰਨਾ ਮਰਜ਼ੀ ਬੰਦਾ ਸਵਾਰ ਹੋ ਜਾਓ।
ਵੇਟਰ — ਧਰਮਰਾਜ, ਜੋ ਸ਼ੈਤਾਨ ਕੋਲੋਂ ਵੀ ਬਖਸ਼ੀਸ਼ ਮੰਗਦਾ ਹੈ।
ਪੇਪਰਵੇਟ — ਹਾਥੀ ਦਾ ਪੈਰ, ਜਿਸ ਹੇਠਾਂ ਕਈਆਂ ਦੀ ਤਕਦੀਰ ਦਬੀ ਪਈ ਹੈ।
ਵਕੀਲ — ਜਾਦੂਗਰ, ਜੋ ਕਾਲਾ ਇਲਮ ਜਾਣਦਾ ਹੈ।
ਪ੍ਰੋਫੈਸਰ — ਬਿਜਲੀ ਦੀ ਇੰਤਜ਼ਾਰ ਵਿਚ ਬੁਝਿਆ ਹੋਇਆ ਬਲਬ।
ਪਾਰਲੀਮੈਂਟ — ਹੈਵੀਵੇਟ ਮੁੱਕੇਬਾਜ਼ੀ ਲਈ ਬਣਿਆ ਅਖਾੜਾ।
ਹਾਤੋ — ਲਕੜੀਆਂ ਪਾੜਨ ਵਾਲਾ ਕਸ਼ਮੀਰੀ ਕਹਾੜਾ।

ਸ਼ਿਵਦੇਵ

ਪਿਛਲੀ ਵਾਰੀ ਦੀਆਂ ਬੁਝਾਰਤਾਂ ਦੇ ਉਤਰ

1.ਉਂਗਲਾਂ ਤੇ ਅੰਗੂਠਾ
2.ਅੱਖਾਂ 3. ਅੱਖ ਦੀ ਨਿਗਾਹ 4.ਜੀਭ 5.ਮੂੰਹ ਬੁਰਕੀ, ਉਂਗਲਾਂ,ਜੀਭ
6.ਆਟੇ ਦਾ ਪੇੜਾ 7.ਚਰਖਾ 8.ਛਾਨਣੀ 9.ਝਾੜੂ 10.ਜੁਤੀਆਂ ਦਾ ਜੋੜਾ

ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

ਨਾਜ਼ੀਆ ਅਤੇ ਜ਼ੁਹੇਬ ਹਸਨ

ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ

ਜ਼ੁਹੇਬ ਹਸਨ

ਨਾਜ਼ੀਆ ਹਸਨ

ਸੁਪਰ ਸਟਾਰ

ਰਾਜ ਬੱਬਰ

ਚੋਟੀ ਦੀ ਕਲਾਕਾਰ

ਸਮੀਤਾ ਪਾਟਿਲ

ਪੌਪ ਕੁਈਨ

ਨਾਜ਼ੀਆ ਹਸਨ

ਪੌਪ ਕਿੰਗ

ਜ਼ੁਹੇਬ ਹਸਨ

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

ਊਸ਼ਾ ਖੰਨਾ ਤੇ ਆਰਕੈਸਟਰਾ

ਸਮੀਤਾ ਪਾਟਿਲ



ਰਾਜ ਬੱਬਰ

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ

ਵੈਨਕੂਵਰ ਵਿਚ ਸ਼ੋਅ 30 ਸਤੰਬਰ, 1984 ਨੂੰ ਹੋਵੇਗਾ

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿੰਨੀਪੈੱਗ ਵਿਚ — 7 ਅਕਤੂਬਰ, 1984

Show Available For Fiji

Contact :
Gemline Enterprises
Ph. 525-9019

Worldwide Promoter:
RAPHAEL ANTHONY
C/o India Impact
P.O.BOX 6161
GLENDALE, Ca. 91205
Tel:(213)466-7126

Watch for tickets Sales
Gemline Enterprises
441, Columbia St.
New Westminster, B.C.

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

ਇੰਦਰਾ ਅਤੇ ਥੈਚਰ

ਅ[illegible] ਸਿੰਘ ਢਿੱਲੋਂ ਸਰੀ

ਕੈਨੇਡਾ ਦੇ ਨੀਊ ਫਾਊਂਡਲੈਂਡ ਪ੍ਰਾਂਤ ਦੇ ਰਹਿਣ ਵਾਲਾ ਗੋਰਾ ਰਿਚਰਡ ਗਵਿਨ(ਜਿਹਦਾ ਜਨਮ ਇੰਡਆ ਦਾ ਹੈ) ਆਪਣੇ ਇੰਡੀਆ ਦੇ ਸੱਜਰੇ ਦੌਰੇ ਦਾ ਪ੍ਰਤੀਕਰਮ, ਆਪਣੀ ਚੌਥੀ ਤੇ ਆਖਰੀ ਕਿਸ਼ਤ ਵਿਚ ਦੱਸਦਾ ਹੈ ਕਿ :—

ਮੈਂ ਆਪਣੇ ਇਕ ਦੋਸਤ ਜਿਹੜਾ ਇੰਡੀਆ ਦੇ ਬੜੇ ਉਘੇ ਤੇ ਮਸ਼ਹੂਰ ਪੱਤਰਕਾਰਾਂ ਵਿਚੋਂ ਇਕ ਹੈ, ਉਹਨੂੰ ਤੇ ਉਹਦੇ ਹੋਰ ਪ੍ਰਾਹੁਣਿਆਂ, ਜਿਹੜੇ ਕਿ ਚੰਗੇ ਲਿਖਾਰੀ, ਵਿਦਵਾਨ ਅਤੇ ਸਰਕਾਰੀ ਕਰਮਚਾਰੀ ਸਨ, ਨੂੰ ਗੁਸੇ ਕਰਨ ਤੋਂ ਬਗੈਰ, ਉਹਦੇ ਨਵੀਂ ਦਿੱਲੀ ਦੇ ਘਰੋਂ ਵਾਪਸ ਆਉਂਦੇ ਟੈਕਸੀ ਵਿਚ, ਆਪਣੀ ਪਤਨੀ ਸੈਂਡਰਾ ਨੂੰ ਆਖਿਆ, ਜਿਹੜੀ ਮੇਰੇ ਨਾਲ ਸਹਿਮਤ ਸੀ ਕਿ, ਇਹ ਸ਼ਾਮ ਦਾ ਇਕੱਠ ਆਪਾਂ ਨੂੰ ਕੈਨੇਡਾ ਦੇ, ਨੀਊਫਾਊਂਡਲੈਂਡ ਦੇ ਸੇਂਟਜੋਨ ਵਿਚ ਵਸਦੇ ਅਨੇਕਾਂ ਦੀ ਯਾਦ ਦਿਵਾਉਂਦਾ ਹੈ ਜਿਹੜੇ ਬਿਲਕੁਲ ਏਸ ਨਾਲ ਮੇਲ ਖਾਂਦੇ ਹਨ। ਮੇਰਾ ਭਾਵ ਆਖਣ ਤੋਂ ਹੈ ਕਿ ਏਥੇ(ਦਿੱਲੀ ਵਿਚ) ਜਿਵੇਂ ਓਥੇ (ਸੇਂਟ੍ਹਜੋਨ) ਹਰ ਕੋਈ ਉਚੀ ਬੋਲਕੇ, ਬੜੇ ਸ਼ਾਨਦਾਰ ਮੇਲ ਖਾਂਦੇ ਮੁਹਾਂਵਰਿਆਂ ਦੀ ਲੈ(ਤਾਲ) ਵਿਚ ਗਲ ਕਰਦਾ ਹੈ; ਹਰ ਕੋਈ ਇਕੋ ਵਕਤ(ਇਕੱਠੇ) ਹੀ ਬੋਲਦਾ ਹੈ ਅਤੇ ਕੋਈ ਵੀ ਧਿਆਨ ਨਾਲ ਕਿਸੇ ਦੂਜੇ ਨੂੰ ਨਹੀਂ ਸੁਣਦਾ। ਇਹ ਬੜਾ ਅਨੰਦਮਈ, ਜੋਸ਼ੀਲਾ ਅਤੇ ਯਾਦ ਰਹਿਣ ਵਾਲਾ ਇਕੱਠ ਸੀ। ਜੋ ਕੁਝ ਵੀ ਓਥੇ ਆਖਿਆ ਗਿਆ, ਉਸਦੇ ਨਚੋੜ ਦਾ ਐਵੇਂ ਕਿਣਕਾ ਹੀ ਮੇਰੀ ਯਾਦ ਵਿਚ ਹੈ। ਓਹ ਇਹ ਸੀ ਕਿ, ਹਰ ਇਕ ਨੇ(ਮੈਥੋਂ ਬਗੈਰ) ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਾਰੇ ਬੜੀਆਂ ਉਜੱਡ(ਅਸੱਭਯ) ਗਲਾਂ ਆਖੀਆਂ, ਭਾਵੇਂ ਕਿਸੇ ਨੇ ਵੀ ਨਾ ਸੁਣੀਆਂ ਹੋਣ। ਜਦ ਮੈਂ ਚੰਗੀ ਤਰਾਂ ਨਿਖਾਰ ਕੇ ਆਖਿਆ(ਮੇਰੇ ਖਿਆਲ 'ਚ ਇਹ ਚੰਗੀ ਗੱਲ ਸੀ) ਕਿ ਓਹ (ਇੰਦਰਾ) ਡਿਕਟੇਟਰ ਨਹੀਂ ਹੋ ਸਕਦੀ, ਜਿਵੇਂ ਕਿ ਸਾਰੇ ਆਖਦੇ ਹਨ ਕਿ ਓਹ ਹੈ, ਜੋ ਖਾਣੇ ਦੇ ਮੇਜ਼ ਦੇ ਆਲੇ ਦੁਆਲੇ ਬੈਠੇ ਸਾਰੇ ਏਹੋ ਜੇਹੀਆਂ ਉਜੱਡ ਗੱਲਾਂ ਓਹਦੇ ਬਾਰੇ ਆਖ ਸਕਦੇ ਹਨ(ਕੀ ਕੋਈ ਰੂਸ, ਚੀਨ ਜਾਂ ਪਾਕਿਸਤਾਨ ਵਿਚ ਏਹੋ ਜੇਹੇ ਖਾਣੇ ਦੇ ਟੇਬਲ ਤੇ ਬੈਠ ਏਹੋ ਜਿਹੀਆਂ ਗੱਲਾਂ ਪ੍ਰਧਾਨ ਦੇ ਖਿਲਾਫ ਆਖ ਸਕਦਾ ਹੈ?)

ਓਸ ਖਾਣੇ ਦੇ ਕਈ ਹਫਤਿਆਂ ਮਗਰੋਂ ਅਤੇ ਕਈ ਹਜ਼ਾਰਾਂ ਕਿਲੋਮੀਟਰਾਂ ਦੀ ਦੂਰੀ ਤੋਂ, ਮੈਂ ਇੰਦਰਾ ਗਾਂਧੀ ਨੂੰ ਕਿਸੇ ਦ੍ਰਿਸ਼ਟੀਕੋਨ ਵਿਚ ਦੇਖਣ ਦੀ ਆਗਿਆ ਮੰਗਦਾ ਹਾਂ। ਇਹ ਮੇਰੀ ਕੋਸ਼ਿਸ਼ ਬੜੀ ਉਚਿਤ ਹੈ, ਕਿਉਂ ਜੋ ਮਾਓ ਜੇ ਤੁੰਗ ਤੇ ਜਾ ਚੁਕਾ ਹੈ ਅਤੇ ਕ੍ਰੈਮਿਲਿਨ(ਰੂਸ) ਐਸ ਵੇਲੇ ਬੇ-ਮਾਲਿਕਾ ਹੈ, ਇੰਦਰਾ(ਅਜ ਦੁਨੀਆਂ ਭਰ ਦੇ ਸਾਰੇ ਵੱਡੇ ਦੇਸ਼ਾਂ ਦੇ ਲੀਡਰਾਂ ਵਿਚੋਂ, ਸਮੇਤ ਪ੍ਰਧਾਨ ਰੋਨਲਡ ਰੀਗਨ) ਬੜੀ ਰੋਚਿਕ(ਦਿਲਚਸਪ) ਲੀਡਰ ਹੈ।

ਸਭ ਤੋਂ ਪਹਿਲਾਂ ਇਹ ਕਿ ਇੰਡੀਆ ਇਕ ਬੇ-ਕਾਬੂ-ਪ੍ਰਬੰਧਕ ਦੇਸ਼ ਹੈ। ਕੋਈ ਵੀ ਹੋਵੇ, ਜਿਹਨੇ ਪਹਿਲਾਂ ਆਖਿਆ ਸੀ, "ਕੈਨੇਡਾ ਦੇਸ਼ ਨੂੰ ਇਕ ਪ੍ਰਬੰਧ ਹੇਠ ਲਿਆਉਣਾ ਬੜਾ ਔਖਾ ਹੈ," ਜਾਂ ਤੇ ਓਹਨੇ ਐਵੇਂ ਚਾਂਗਰ ਹੀ ਮਾਰੀ ਸੀ ਜਾਂ ਆਖੋ ਓਹਨੇ ਕਦੀ ਇੰਡੀਆ ਜਾ ਕੇ ਦੇਖਿਆ ਹੀ ਨਹੀਂ ਸੀ।

ਇੰਡੀਆ ਦੇ ਬੇ-ਕਾਬੂ ਪ੍ਰਬੰਧ ਦੇ ਬਹੁਤੇ ਕਾਰਨ ਬੜੇ ਉਜਾਗਰ ਹਨ। ਬੇਅੰਤ ਲੋਕੀ ਤੇ ਕਹਿਰਾਂ ਦੀ ਸੜਦੀ ਤਪਦੀ ਧਰਤੀ(ਅਜ 75 ਕਰੋੜ ਆਬਾਦੀ ਹੈ ਤੇ ਬੀਤਦੀ ਸਦੀ ਦੇ ਅੰਤ ਤੱਕ ਪੂਰੀ ਇਕ ਅਰਬ ਹੋ ਜਾਵੇਗੀ)। ਇਹਨੂੰ ਇਕ ਦੇਸ਼ ਦਾ ਨਾਮ ਦੇਣਾ ਹੀ ਬੜਾ ਔਖਾ ਹੈ ਕਿਉਂ ਜੋ ਮਹਾਂਦੀਪ ਇਕ ਬੰਨਿਓਂ ਦੂਜੇ ਬੰਨੇ ਤੱਕ, ਵਿਰੋਧੀ ਬੋਲੀਆਂ, ਵਿਰੋਧੀ ਧਰਮਾਂ, ਵਿਰੋਧੀ ਸਭਿਅਤਾ ਅਤੇ ਵਿਰੋਧੀ ਨਸਲਾਂ ਦਾ ਘਰ ਹੈ। ਜ਼ਰਾ ਸੋਚਣ ਦੀ ਕੋਸ਼ਿਸ਼ ਕਰੋ, ਜੇ ਸਾਰੇ ਯੂਰਪ ਨੂੰ, ਅੰਤਰਰਾਸ਼ਟਰੀ ਕਿਸੇ ਹੁਕਮ ਅਨੁਸਾਰ, ਇਕ ਦੇਸ਼ ਬਣਾ ਦਿਤਾ ਜਾਵੇ, ਓਹ ਯੂਰਪ ਜਿਥੇ ਉਨ੍ਹੀਵੀਂ ਸਦੀ ਦੇ ਆਵਾਜਾਈ ਸਾਧਨ ਹੋਣ(ਘੋੜਾ ਗੱਡੀਆਂ ਆਦਿ) ਅਤੇ ਕਈ ਵੱਡੇ ਹਿਸਿਆਂ ਵਿਚ ਮੱਧ-ਕਾਲ ਵਾਲੇ ਸਮਾਜਕ ਪ੍ਰਬੰਧ ਹੋਣ ?

ਇੰਡੀਆ ਦੀ ਇਕ ਹੋਰ ਬੜੀ ਉਘੀ ਮੁਸ਼ਕਲ, ਉਥੋਂ ਦੀ ਡੈਮੋਕਰੇਸੀ(ਪੰਚ-ਤੰਤਰਕ-ਰਾਜ ਬਣਤਰ) ਹੈ ਜਿਹਦੀ ਬੜੀ ਨਿੰਦਤ-ਪ੍ਰਸ਼ੰਸਾ ਹੈ, ਇਕ ਬੜੀ ਖਰ੍ਹਵੀ, ਤਿਆਰ ਪਰ ਇਕ ਅਸਲੀਅਤ ਹੈ। ਇਹ ਕਿਉਂ ਜੋ ਡੈਮੋਕਰੇਸੀ ਹੈ, ਇੰਡੀਆ ਦੀਆਂ ਸਾਰੀਆਂ ਭੁੱਲਾਂ ਲਟਕ ਰਹੀਆਂ ਹਨ। ਸਾਨੂੰ ਏਥੋਂ ਦੇ ਲੂਲੇ ਮੰਗਤੇ ਬੱਚਿਆਂ ਦਾ, ਏਥੋਂ ਦੇ ਪਏ ਕਾਲਾਂ ਦਾ, ਏਥੋਂ ਦੀਆਂ ਆਵਾਰਾ ਗਾਮ-ਗਊਆਂ ਦੀ ਚੰਗੀ ਤਰਾਂ ਜਾਣਕਾਰੀ ਹੈ, ਕਿਉਂ ਜੋ ਵੈਸਟਰ ਪੱਤਰਕਾਰ ਦੇਸ਼ ਦੇ ਕਿਸੇ ਹਿਸੇ ਵਿਚ ਵੀ ਖੁਲ੍ਹੇ ਤੌਰ ਜਾ ਸਕਦੇ ਹਨ ਅਤੇ ਕਿਸੇ ਨਾਲ ਵੀ ਗਲਬਾਤ ਕਰ ਸਕਦੇ ਹਨ। ਇਸਦੇ ਮੁਕਾਬਲੇ ਚੀਨ, ਕਿਉਂ ਜੋ ਓਥੇ ਬੰਦਸ਼ ਹੈ, ਓਥੇ ਇਕ ਪਾਰਟੀ ਰਾਜ ਹੈ, ਓਹਨੇ ਨਰਮ ਮਾਧਿਅਮ ਦਾ ਬੜਾ ਸਵਾਦ ਮਾਣਿਆ ਹੈ। ਬੇਸ਼ੱਕ ਕਲਚਰਲ ਰੈਵੋਲੀਊਸ਼ਨ ਦੋਰਾਨ, ਮਾਓ ਨੇ ਲਖੂਖਹਾ ਬੇ-ਗੁਨਾਹ ਕਤਲ ਕੀਤੇ, ਓਹ ਲਹਿਦੇ ਦਾ, ਜਨਤਕ ਪਰਮ-ਮਨੁਖ ਗਿਣਿਆ ਗਿਆ। ਹੋਰ ਵੀ, ਡਿਕਟੇਟਰਸ਼ਿਪ ਕਾਰਨ ਚੀਨ ਨੇ, ਵਧ ਰਹੀ ਜਨਸੰਖਿਆ ਤੇ ਕਾਬੂ ਪਾਉਣ ਲਈ, ਵਧੇਰੇ ਬੱਚੇ ਪੈਦਾ ਕਰਨ ਨੂੰ ਗੈਰ-ਕਾਨੂੰਨੀ ਬਣਾ ਦਿਤਾ ਹੈ। ਡੈਮੋਕਰੇਸੀ ਕਾਰਨ ਇੰਡੀਆ ਨੂੰ ਵਿਦਿਅਕ-ਪ੍ਰੇਰਨਾ ਉਤਸ਼ਾਹ ਦੀ ਓਟ ਲੈਣੀ ਪੈਂਦੀ ਹੈ ਜਿਹੜੀ ਕਿ ਫੇਲ੍ਹ ਹੋ ਗਈ ਹੈ।

ਇਹ ਪ੍ਰਸੰਗ ਹੈ ਜਿਸ ਵਿਚ ਇੰਦਰਾ ਨੂੰ ਫਿਟ ਹੋਣਾ ਪਿਆ ਹੈ। ਉਹ ਬਹੁਤ ਹੀ ਭਾਰਤੀ-ਟਾਈਪ ਲੀਡਰ ਹੈ। ਕਈ ਇਕ ਖਾਸ ਪ੍ਰਕਾਰ ਦੇ ਫੈਸਲੇ ਲੈਣ ਵੇਲੇ ਓਹ ਜੋਤਸ਼ੀਆਂ ਤੋਂ ਪੁਛਦੀ ਹੈ ਪਰ ਇਹ ਸੰਭਵ ਹੈ ਕਿ ਇਹ ਉਹ ਕੇਵਲ ਕੌਮੀ ਸਭਿਅਤਾ ਨੂੰ ਸ਼ਾਂਤ ਕਰਨ ਲਈ ਹੀ ਕਰਦੀ ਹੋਵੇ। ਬਹੁਤਾ ਭਾਰਤੀ ਹੁੰਦੀ ਹੋਈ, ਉਹ ਓਨਾਂ ਡੈਮੋਕਰੇਟਿਕ ਲੀਡਰ ਨਹੀਂ ਜਿਨੀ ਉਹ ਖਾਨਦਾਨੀ ਲੀਡਰ ਹੈ। ਓਹ ਜਵਾਹਰ ਲਾਲ ਨਹਿਰੂ ਜਿਹਨੂੰ ਇੰਡੀਆ ਦੀ ਆਜ਼ਾਦੀ ਦਾ ਜਨਮ-ਪਿਤਾ ਕਿਹਾ ਜਾਂਦਾ ਹੈ, ਦੀ ਪੁਤਰੀ ਹੈ। ਅਗੋਂ ਓਹਨੇ ਆਪਣੇ ਸਵਰਗੀ ਪੁਤਰ ਸੰਜੇ ਨੂੰ ਆਪਣਾ ਜਾਂ-ਨਸ਼ੀਨ ਤਿਆਰ ਕੀਤਾ ਸੀ ਅਤੇ ਕੁਝ ਕੁ ਘੱਟ ਸਫਲਤਾ ਨਾਲ, ਹੁਣ ਉਸੇ(ਜਾਂ-ਨਸ਼ੀਨੀ) ਲਈ ਆਪਣੇ ਦੂਜੇ ਪੁਤਰ ਰਾਜੀਵ ਨੂੰ ਤਿਆਰ ਕਰਨ ਦਾ ਉਪਰਾਲਾ ਕਰ ਰਹੀ ਹੈ। ਇੰਦਰਾ ਅਤੇ ਰਾਜੀਵ ਦੀ ਖਾਸ ਵਿਰੋਧੀ, ਜਿਹੜੀ ਸਾਮਾਂਨਤਕ ਖਾਨਦਾਨੀ ਜਾਂ-ਨਸ਼ੀਨੀ ਦੀ ਕੋਸ਼ਿਸ਼ ਕਰ ਰਹੀ ਹੈ, ਓਹ ਹੈ ਸਵਰਗੀ ਸੰਜੇ ਦੀ ਵਿਧਵਾ ਮੇਨਕਾ।

ਮੇਨਕਾ ਗਾਂਧੀ ਹਰ ਪਖੋਂ ਅੰਤਰ-ਰਾਸ਼ਟਰੀ ਭਾਂਤ ਦੀ ਲੀਡਰ ਹੈ। ਬ੍ਰਿਟਿਸ਼ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਨਾਲ ਇੰਦਰਾ ਦਾ ਮੁਕਾਬਲਾ ਆਵੱਸ਼ਕ ਤੇ ਯੋਗ ਹੈ। ਦੋਵੇਂ ਹਠੀ ਆ, ਫੈਸਲਾਕੁਨ, ਦ੍ਰਿੜ-ਇਰਾਦਾ ਅਤੇ ਮਨ-ਮੰਨਿਆ ਸਾਸ਼ਨ ਕਰਨ ਵਾਲੀਆਂ ਹਨ। ਇੰਦਰਾ ਦੇ ਨੇੜਲੇ ਆਖਦੇ ਹਨ ਕਿ ਇੰਦਰਾ ਬੜੀ ਬਦਲਾ-ਲਊ ਭਾਵਨਾ ਹੈ ਪ੍ਰੂੜ੍ਹ ਵਲੇਵੇਂਦਾਰ ਇਸਤਰੀ ਹੈ। ਦੋਵਾਂ ਈਸਪਾਤੀ ਇਸਤਰੀਆਂ ਵਿਚ ਅਸਲ ਸਮਾਨਤਾ ਇਹ ਹੈ ਕਿ ਦੋਵਾਂ ਨੇ ਆਪਣੇ ਆਪ ਨੂੰ ਪੁਰਾਤਨ ਜੋਨ ਆਫ ਆਰਕ ਬਣਾ ਲਿਆ ਹੈ ਅਤੇ ਆਪਣੇ ਆਪ ਨੂੰ ਪ੍ਰਤੱਖ ਦੇਸ਼-ਵਿਅਕਤੀਗਤ ਅਸਥਾਪਨ ਕਰ ਲਿਆ ਹੈ। ਥੈਚਰ ਕਈ ਵਾਰ ਆਖ ਚੁਕੀ ਹੈ ਕਿ ਓਹਦਾ ਨਿਸ਼ਾਨਾ, ਬ੍ਰਤਾਨੀਆ ਨੂੰ ਮੁੜ ਗਰੇਟ(ਸ਼ਕਤੀਸ਼ਾਲੀ) ਬਣਾਉਣ ਦਾ ਹੈ ਅਤੇ ਇੰਦਰਾ ਗਾਂਧੀ ਦੇ ਦ੍ਰਿਸ਼ਟਾਂਤਕ ਦ੍ਰਿੜ ਅਲੰਕਾਰਕ ਵਰਨਣ, "ਇਕ ਇੰਡੀਆ" ਦਾ ਭਾਵ ਵੀ ਇੰਡੀਆ ਨੂੰ ਪਹਿਲੀ ਵਾਰ ਗ੍ਰੇਟ(ਸ਼ਕਤੀਸ਼ਾਲੀ) ਬਣਾਉਣਾ ਹੈ।

ਸ਼ਕਤੀਸ਼ਾਲੀ ਬਿੰਬ(ਆਦਰਸ) ਦੀ ਭਾਲ ਖਾਤਰ, ਗਾਂਧੀ ਨੇ ਏਸ਼ੀਅਨ ਖੇਡਾਂ ਦੀ ਮੇਜ਼ਬਾਨੀ ਕੀਤੀ, ਨਨ-ਅਲਾਈਂਡ (ਨਿਰਪਖ) ਦੇਸ਼ਾਂ ਦਾ ਸਿਖਰ ਸੰਮਲੇਨ ਕੀਤਾ ਅਤੇ ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਕਰਾਈ। ਮਾਂਟਰੀਅਲ ਦਾ ਮੇਅਰ ਜੀਨ ਡ੍ਰੈਪੀਊ, ਉਪਰੋਕਤ ਤੱਤਾਂ ਕਾਰਨ ਇੰਦਰਾ ਨੂੰ ਸਿਰ ਝੁਕਾਉਂਦਾ ਹੈ। ਇੰਦਰਾ ਨੇ ਦਿੱਲੀ ਵਿਚ ਯਾਦਗਾਰੀ ਸਟੇਡੀਅਮ, ਸਮਾਗਮਾਂ ਦੇ ਸੈਂਟਰ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਹੋਟਲ ਬਣਾ ਕੇ ਦਿੱਲੀ ਨੂੰ ਰੰਗ-ਬਰੰਗੀ ਬਣਾ ਦਿਤਾ ਹੈ।

ਏਸੇ ਨਿਸ਼ਾਨੇ ਨੂੰ ਮੁਖ ਰਖਦੀ ਹੋਈ ਗਾਂਧੀ ਦੁਨੀਆਂ ਦੀ ਤੀਜੇ ਦਰਜੇ ਤੇ ਵੱਡੀ ਫੌਜ ਰਖਦੀ ਹੈ ਅਤੇ ਇਹ ਆਖ ਕਿ ਓਹਨੂੰ ਪਾਕਿਸਤਾਨ ਜਿਹੜਾ ਇੰਡੀਆ ਨਾਲੋਂ ਸੱਤਵਾਂ ਹਿਸਾ ਛੋਟਾ ਹੈ, ਵਲੋਂ ਹਾਲੇ ਵੀ ਖਤਰਾ ਹੈ।

ਇੰਡੀਆ ਅਤੇ ਅਮਰੀਕਾ ਇਕ ਦੂਜੇ ਦੇ ਖਿਲਾਫ ਦੋਸ਼ ਲਾਉਂਦੇ ਹੀ ਰਹਿੰਦੇ ਹਨ। ਹਮੇਸ਼ਾਂ ਇਕ ਦੂਜੇ ਤੇ ਸ਼ਬਦ-ਬੋਲਾਂ ਦੇ ਵਾਰ ਕਰਦੇ, ਅਣਸੁਖਾਵਾਂ ਵਾਤਾਵਰਣ ਬਣਾਈ ਹੀ ਰਖਦੇ ਹਨ। ਇਕ ਆਖਦਾ ਹੈ "ਪ੍ਰਮਾਰਥ-ਵਾਂਝ ਧਰਤੀ" ਤੇ ਦੂਜਾ ਆਖਦਾ ਹੈ "ਬਦ-ਤਮੀਜ਼ ਤੇ ਨਾ ਕਾਬਲ"। ਇਨ੍ਹਾਂ ਦੀ ਮੁਖੀ ਸਮਕਾਲੀ ਵਿਰੋਧਤਾ ਦਾ ਕਾਰਨ ਇੰਡੀਆ ਦਾ ਰੂਸ ਨਾਲ ਮੁਆਹਿਦਾ ਹੋਣ ਕਰਕੇ, ਓਹਦੇ ਅਫਗਾਨਿਸਤਾਨ ਤੇ ਹਮਲੇ ਨੂੰ ਨਿੰਦਣ ਤੋਂ ਇਨਕਾਰ ਕਰਨਾ ਹੈ। ਇਹ ਚੁਪ ਧਾਰਨ ਕਰ, ਇੰਡੀਆ ਦੀ ਰਜ਼ਾਮੰਦੀ, ਦਰ ਅਸਲ ਆਪਣੇ ਵਿਰੋਧੀ ਚੀਨ ਦਾ, ਜਿਹਦੇ ਨਾਲ ਅਮਰੀਕਾ ਦੀ ਭਾਈਬੰਦੀ ਹੈ, ਦਾ ਉਧਾਰ ਮੋੜਨਾ ਹੀ ਹੈ। ਹੋਰ ਵੀ, ਰੂਸ ਜਿਹੜਾ ਫੌਜੀ ਸਾਮਾਨ(ਘਟ ਕੀਮਤ ਤੇ) ਤੇ ਜਾਣਕਾਰੀ ਦਖਣ ਵੱਲ ਭੇਜਦਾ ਹੈ ਅਤੇ ਪਲੇਨਾਂ ਦੇ ਪਲੇਨ ਰੂਸੀ ਯਾਤਰੀ, ਜਿਹੜੇ ਗੁਸੇ-ਗਰੁਪਾਂ ਵਿਚ ਘੁੰਮਦੇ ਹਨ ਅਤੇ ਕਿਸੇ ਨਾਲ ਕੋਈ ਗੱਲ ਨਹੀਂ ਕਰਦੇ ਅਤੇ ਕੁਝ ਕੁ ਠੰਡਾ ਪੀਣ ਲਈ ਖ੍ਰੀਦਣ ਤੋਂ ਬਗੈਰ, ਘੱਟ ਹੀ ਹੋਰ ਕੁਝ ਖ੍ਰੀਦਦੇ ਹਨ, ਕਿਉਂ ਜੋ ਉਹ ਆਪਣੀ ਵੋਦਿਕਾ ਸ਼ਰਾਬ ਨਾਲ ਲਿਆਉਂਦੇ ਹਨ।

ਇਹ (ਭਾਰਤੀ-ਰੂਸੀ) ਮੁਆਹਿਦਾ, ਅਸਲ ਨਾਲੋਂ ਦੇਖਣ ਨੂੰ ਹੀ ਬਹੁਤਾ ਹੈ। ਇੰਡੀਆ ਵੈਸਟ ਨਾਲ (ਮੁਕਾਬਲਤਨ) ਸਭਿਅਕ ਅਤੇ ਵਪਾਰਕ ਪੱਖੋਂ ਬਹੁਤਾ ਬੱਝਾ ਹੋਇਆ ਹੈ ਅਤੇ ਈਜਿਪਟ ਜਿੰਨਾਂ ਕੁ ਰੂਸ ਦਾ ਹਮੈਤੀ ਸਾਬਤ ਹੋਇਆ ਸੀ ਉਦੂੰ ਵੱਧ ਸ਼ਾਇਦ ਹੀ ਇੰਡੀਆ ਰੂਸ ਦਾ ਭਾਈਵਾਲ ਸਾਬਤ ਹੋਵੇ। ਹਾਲੇ ਇੰਡੀਆ ਅਮਰੀਕਾ ਨੂੰ ਚਿੜੌਣੀ-ਤਵੱਜੋ ਦੇਣ ਲਈ ਜ਼ੋਰ ਪਾ ਰਿਹਾ ਹੈ। ਇਹ ਤਵੱਜੋ ਦਵਾਉਣੀ, ਮਹੱਤਵਪੂਰਨ ਹੋਣ ਦਾ ਸਬੂਤ ਹੈ ਅਤੇ ਸ਼ਾਇਦ ਗਰੇਟ ਹੋਣ ਦਾ ਵੀ।

ਮੈਂ ਇੰਡੀਆ ਬਾਰੇ ਬੜਾ ਥੋੜਾ ਜਾਣਦਾ ਹਾਂ ਕਿ ਇੰਦਰਾ ਗਾਂਧੀ ਇਕ ਸ਼ਕਤੀਸ਼ਾਲੀ ਲੀਡਰ ਹੈ ਪਰ ਇਹ ਮੈਂ ਜ਼ਰੂਰ ਅਨੁਭਵ ਕਰਦਾ ਹਾਂ ਕਿ ਓਹ ਇਕ ਏਹੋ ਜੇਹੀ ਲੀਡਰ ਹੈ ਜੇਹੋ ਜਿਹਾ ਲੀਡਰ ਇੰਡੀਆ ਨੂੰ ਐਸ ਸਮੇਂ ਚਾਹੀਦਾ ਹੈ ਅਤੇ ਆਪਣੇ ਸਟਾਈਲ ਵਿਚ ਓਹ ਇਕ ਬਹੁਤ ਚਤੁਰ ਨੇਤਾ ਹੈ।

ਮੈਨੂੰ ਇਹ ਵੀ ਅਨੁਮਾਨ ਹੈ ਕਿ ਇੰਦਰਾ ਆਪਣੀ ਏਸ ਗਿਣਤੀ ਵਿਚ ਵੀ ਬਿਲਕੁਲ ਦਰੁਸਤ ਹੈ ਕਿ ਇੰਡੀਆ ਨੂੰ ਨਾ ਕਾਬਿਲ ਏਹਤਵਾਰ ਸੰਭਵੀ(ਹੋ ਸਕਣ ਵਾਲਾ) ਪੂਰੀ ਕਰਨ ਤੋਂ ਪਹਿਲਾਂ ਉਹਨੂੰ ਇਹ ਭਰੋਸਾ ਬਣਾਉਣਾ ਚਾਹੀਦਾ ਹੈ ਕਿ ਓਹ ਜ਼ਰੂਰ ਸ਼ਕਤੀਸ਼ਾਲੀ ਹੈ। ਦੋ ਹਜ਼ਾਰ ਸਾਲ ਕਿਸੇ ਦੇ ਅਧੀਨ ਰਹਿਣ ਮਗਰੋਂ, ਇੰਡੀਆ ਨੂੰ ਆਪਣੀ ਕਾਬਲੀਅਤ ਨਾਲੋਂ ਵੀ ਸਵੈ-ਮਾਣ ਦੀ ਬਹੁਤੀ ਲੋੜ ਹੈ।

ਅਮਲੀ ਯੋਜਨਾ ਦਾ ਸੁਝਾਅ

ਨਵੀਂ ਦਿੱਲੀ,13 ਜੁਲਾਈ (ਯੂ. ਐਨ. ਆਈ.) -ਉਘੇ ਸਿੱਖਾਂ ਦੇ ਇਕ ਗਰੁੱਪ ਨੇ ਪੰਜਾਬ ਵਿਚ ਹਾਲ ਵਿਚ ਹੀ ਵਾਪਰੀਆਂ ਘਟਨਾਵਾਂ ਦੇ ਪਿਛੋਕੜ ਵਿਚ ਸਿੱਖ ਭਾਈਚਾਰੇ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਇਕ 6 ਨੁਕਾਤੀ 'ਅਮਲੀ ਯੋਜਨਾ' ਦਾ ਸੁਝਾਅ ਦਿਤਾ ਹੈ।

ਏਅਰ ਚੀਫ ਮਾਰਸ਼ਲ ਅਰਜਨ ਸਿੰਘ (ਰੀਟਾਇਰਡ) ਸਮੇਤ 22 ਵਿਅਕਤੀਆਂ ਵਲੋਂ ਜਾਰੀ ਇਕ ਬਿਆਨ ਵਿਚ ਇਹ ਮੰਗ ਕੀਤੀ ਗਈ ਹੈ ਕਿ ਪਹਿਲਾ ਕਦਮ ਇਹ ਚੁਕਿਆ ਜਾਏ ਕਿ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰੇ ਆਮ ਦਰਸ਼ਨਾਂ ਲਈ ਖੋਲ੍ਹ ਦਿਤੇ ਜਾਣ।

ਦੂਜਾ ਪੰਜਾਬ ਵਿਚ ਛੇਤੀ ਤੋਂ ਛੇਤੀ ਜਮਹੂਰੀ ਪ੍ਰਸ਼ਾਸਨ ਕਾਇਮ ਕੀਤਾ ਜਾਏ ਅਤੇ ਅਖਬਾਰਾਂ 'ਤੇ ਲਾਈ ਸੈਂਸਰਸ਼ਿਪ ਅਤੇ ਹੋਰ ਰੋਕਾਂ ਖਤਮ ਕੀਤੀਆਂ ਜਾਣ। ਇਸ ਤੋਂ ਇਲਾਵਾ ਫੌਜ ਨੂੰ ਹਟਾਇਆ ਜਾਵੇ।

ਤੀਜਾ, ਸਰਕਾਰ ਨੂੰ ਉਨ੍ਹਾਂ ਸਾਰੇ ਵਿਅਕਤੀਆਂ ਦੀ ਸੂਚੀ ਪੇਸ਼ ਕਰਨੀ ਚਾਹੀਦੀ ਹੈ ਜੋ 4 ਜੂਨ ਤੋਂ ਪਿੱਛੋਂ ਫੌਜੀ ਕਾਰਵਾਈ ਵਿਚ ਮਾਰੇ ਗਏ। ਇਸ ਨਾਲ ਅਫਵਾਹਾਂ ਅਤੇ ਵਧਾ ਚੜ੍ਹਾ ਕੇ ਬਣਾਈਆਂ ਮਨਘੜਤ ਕਹਾਣੀਆਂ ਨੂੰ ਬਲ ਨਹੀਂ ਮਿਲੇਗਾ।

ਦੇਸ਼ ਵਿੱਚ ਸਿੱਖਾਂ ਦੇ ਆਜ਼ਾਦੀ ਨਾਲ ਘੁੰਮਣ ਫਿਰਨ 'ਤੇ ਲਾਈਆਂ ਰੋਕਾਂ ਖਤਮ ਕੀਤੀਆਂ ਜਾਣ।

ਪੰਜਾਬ ਦੀਆਂ ਘਟਨਾਵਾਂ ਤੇ ਇਕ ਉਚ ਪੱਧਰੀ ਕਮਿਸ਼ਨ ਕਾਇਮ ਕੀਤਾ ਜਾਏ ਅਤੇ ਸਿੱਖਾਂ ਦੀਆਂ ਧਾਰਮਕ ਮੰਗਾਂ, ਜੋ ਪ੍ਰਵਾਨ ਕੀਤੀਆਂ ਗਈਆਂ ਹਨ, ਲਾਗੂ ਕੀਤੀਆਂ ਜਾਣ।

ਪੰਜਾਬ ਦੀਆਂ ਰਾਜਸੀ ਤੇ ਆਰਥਿਕ ਮੰਗਾਂ ਬਾਰੇ ਸਰਕਾਰ ਆਪਣੇ ਫੈਸਲੇ ਦਾ ਇਕ ਪਾਸੜ ਐਲਾਨ ਕਰੇ ਤਾਂ ਜੋ ਪੰਜਾਬ ਵਿਚ ਸ਼ਾਂਤੀ ਕਾਇਮ ਹੋ ਸਕੇ।

ਬਿਆਨ ਵਿਚ ਕਿਹਾ ਗਿਆ ਹੈ ਕਿ ਸਰਕਾਰੀ ਪ੍ਰਚਾਰ ਸਾਧਨਾਂ ਰਾਹੀਂ ਅਤੇ ਕੌਮੀ ਪ੍ਰੈਸ ਦੇ ਇਕ ਹਿੱਸੇ ਵਲੋਂ ਪਿਛਲੇ ਇਕ ਮਹੀਨੇ ਤੋਂ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ ਉਸ ਦੇ ਕਾਰਨ ਸਿੱਖਾਂ ਵਿਚ ਮਾਯੂਸੀ ਪੈਦਾ ਹੋਈ ਹੈ। ਹਾਕਮ ਪਾਰਟੀ ਸਮੇਤ ਵੱਖ ਵੱਖ ਪਾਰਟੀਆਂ ਦੇ ਨੇਤਾ ਮਲ੍ਹਮ ਲਗਾਉਣ ਦੀ ਗੱਲ ਕਰਦੇ ਹਨ ਪਰ ਇਸ ਪਾਸੇ ਕੁਝ ਵੀ ਨਹੀਂ ਕੀਤਾ ਗਿਆ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਅਸਲੀਅਤ ਇਹ ਹੈ ਕਿ ਸਿੱਖ ਬੁਨਿਆਦੀ ਤੌਰ ਤੇ ਖਾਲਿਸਤਾਨ ਦੇ ਨਾਅਰੇ ਅਤੇ ਗੁਰਦੁਆਰਿਆਂ ਨੂੰ ਧਰਮ ਤੋਂ ਬਿਨਾ ਹਿੰਸਾ ਜਾਂ ਕਿਸੇ ਹੋਰ ਮਨੋਰਥ ਲਈ ਵਰਤਣ ਦੇ ਵਿਰੁਧ ਹਨ।

ਨਿੱਤ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਚੜ੍ਹੇ-ਲੋਕ ਪ੍ਰੇਸ਼ਾਨ

—ਪੰਜਾਬ ਦੀ ਵਰਤਮਾਨ ਸਥਿਤੀ ਦਾ ਵਪਾਰੀ ਲੋਕ ਬੇਇੰਤਹਾ ਫਾਇਦਾ ਉਠਾ ਰਹੇ ਹਨ ਅਤੇ ਉਨ੍ਹਾਂ ਨੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਬਹੁਤ ਵਧਾ ਦਿੱਤੀਆਂ ਹਨ।

ਇਸ ਸਮੇ ਇੱਥੇ ਨਿੱਤ ਵਰਤੋਂ ਦੀਆਂ ਵਸਤਾਂ ਬਹੁਤ ਮਹਿੰਗੀਆਂ ਵਿਕ ਰਹੀਆਂ ਹਨ। ਵਨਾਸਪਤੀ ਘੀ 20 ਰੁਪਏ ਤੋਂ ਘਟ ਨਹੀਂ। ਚਾਹ ਪੱਤੀ 42 ਰੁਪਏ ਕਿਲੋ ਤੇ ਕਪੜੇ ਧੋਣ ਦਾ ਸਾਬਣ 11 ਤੋਂ 14 ਰੁਪਏ ਕਿਲੋ ਵਿਕ ਰਿਹਾ ਹੈ। ਕੋਈ ਵੀ ਦਾਲ 8 ਰੁਪਏ ਕਿਲੋ ਤੋਂ ਘੱਟ ਨਹੀਂ।

ਰਾਜ ਵਿਚ ਅਸਥਿਰਤਾ ਕਾਰਨ ਗਰੀਬ ਤਬਕਾ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਹੈ। ਹੁਣ ਦੁਕਾਨਦਾਰ ਵਰਗ ਦੀ ਲੁੱਟ-ਖਸੁੱਟ ਨੇ ਉਸ ਦੀਆਂ ਤਕਲੀਫਾਂ ਵਿਚ ਹੋਰ ਵੀ ਵਾਧਾ ਕਰ ਦਿੱਤਾ ਹੈ।

ਭਾਰਤ ਜਾਣ ਦੀ ਤਿਆਰੀ ਹੈ?

East West Travel Ltd.

ਹਵਾਈ ਟਿਕਟਾਂ

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.

Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings

Ph. 321-7020

Harcharan S. Sanghera

B.A.,(Hons.)B.T.

We wish to let everybody know, that Harry, top salesman has rejoined our firm, and is eager to help in matters of real estate.

Call (403)274-9586

COMMISSIONER FOR OATHS

HEIN REAL ESTATE CORPORATION 272-3382

ਫ਼ਿਲਮ ਦਰਪਣ

● ਮੁੰਡੇ ਕੁੜੀ ਨੇ ਇਕ ਦੂਜੇ ਨੂੰ ਦੇਖਿਆ ਤੇ 'ਨਾਦਾਨੀਆਂ 'ਤੇ ਉਤਰ ਆਏ । ਪਹਿਲਾਂ ਵਿਆਹ ਕਰ ਲਿਆ, ਫੇਰ ਬੱਚਾ ਹੋ ਗਿਆ ਤੇ ਫੇਰ 'ਹਉਮੈ' ਦੀ ਟੱਕਰ ਕਾਰਨ ਤਲਾਕ ਲੈ ਲਿਆ ਪਰ ਮਿੱਧਿਆ ਗਿਆ ਝੋਟਿਆਂ ਦੇ ਭੇੜ ਵਿਚ ਮਾਸੂਮ ਬੱਚਾ ।

ਇਹ ਕਹਾਣੀ ਦੱਸੀ ਪ੍ਰੋਡਿਊਸਰ ਡਾਇਰੈਕਟਰ ਵੇਦ ਰਾਹੀ ਨੇ ਆਪਣੀ ਫਿਲਮ 'ਨਾਦਾਨੀਆਂ' ਤੇ ਡੋਗਰੀ ਨਾਵਲ 'ਟੁੱਟੀ ਹੋਈ ਡੋਰ' ਦੀ । ਤਲਾਕਸ਼ੁਦਾ ਮਾਪੇ ਹਨ ਤਨੂਜਾ ਤੇ ਪਰੀਖਸ਼ਿਤ ਸਾਹਨੀ ਤੇ ਉਨ੍ਹਾਂ ਦੀ ਮਿੱਧੀ ਗਈ ਧੀ ਹੈ ਸੁਗੰਧਾ ਤੇ ਉਸ ਦਾ ਪ੍ਰੇਮੀ ਹੈ ਪ੍ਰੇਮ ਕਿਸ਼ਨ । ਫਿਲਮ ਵੇਦ ਰਾਹੀ ਪੂਰੀ ਕਰ ਚੁੱਕਾ ਹੈ ਅਤੇ ਰਿਲੀਜ਼ ਲਈ ਤਿਆਰ ਹੈ । ਵੇਦ ਰਾਹੀ ਨੇ ਦਸਿਆ ਕਿ ਨਾਵਲ 'ਟੁੱਟੀ ਹੋਈ ਡੋਰ' ਨੂੰ ਸਾਹਿਤ ਅਕੈਡਮੀ ਪੁਰਸਕਾਰ ਵੀ ਮਿਲ ਚੁੱਕਾ ਹੈ । ਵੇਦ ਰਾਹੀ ਦਾ ਵਿਸ਼ਵਾਸ ਹੈ ਕਿ ਇਹ ਫਿਲਮ ਦੇਖ ਕੇ ਲੋਕੀਂ ਬੱਚਾ ਹੋਣ ਤੋਂ ਬਾਅਦ ਤਲਾਕ ਬਾਰੇ ਨਹੀਂ ਸੋਚਣਗੇ ।

"ਬੱਚਾ ਹੋਣ ਤੋਂ ਪਹਿਲਾਂ ਭਾਵੇਂ ਤਲਾਕ ਲੈਣ ਲਈ ਅਰਜ਼ੀਆਂ ਦੇ ਦੇਣ ।" ਅਸਾਂ ਮੁਸਕਰਾ ਕੇ ਆਖਿਆ ।

ਤ੍ਰਿਸ਼ੰਕੂ ਰਾਜ ਬੱਬਰ

ਕਹਿੰਦੇ ਹਨ ਇਕ ਵਾਰ ਇਕ ਮਰਾਸੀ ਨੇ ਰੱਬ ਤੋਂ ਘੋੜੀ ਹੇਠਾਂ ਲਈ ਮੰਗੀ ਸੀ ਤੇ ਰੱਬ ਨੇ ਇਕ ਰਈਸ ਦੀ ਘੋੜੀ ਦੀ ਨਵੀਂ ਜੰਮੀ ਵਛੇਰੀ ਮੋਢਿਆਂ ਉਪਰ ਚੁਕਾ ਦਿਤੀ । ਰਾਜ ਬੱਬਰ ਨਾਲ ਵੀ ਕੁਝ ਅਜਿਹਾ ਹੀ ਹੋਇਆ । ਉਸ ਨੇ ਸਮਿਤਾ ਪਾਟਿਲ ਮੰਗੀ ਸੀ ਸਿਰਫ ਪਬਲਿਸਿਟੀ-ਸਟੰਟ ਦੇ ਇਸ਼ਕ ਲਈ । ਇਸ ਦੇ ਲਈ ਉਸ ਦੀ ਪ੍ਰੇਮਿਕਾ ਪਤਨੀ ਨਾਦਿਰਾ ਬੱਬਰ ਨੇ ਵੀ ਪਤੀ ਦੀ ਲੋਕ-ਪ੍ਰੀਅਤਾ ਦੀ ਖਾਤਰ ਉਸ ਦਾ ਪਬਲਿਸਿਟੀ-ਸਟੰਟ ਇਸ਼ਕ ਕਬੂਲ ਕਰ ਲਿਆ । ਪਰ ਲਗਾਤਾਰ ਕਈ ਫਿਲਮਾਂ ਦੇ ਰੁਮਾਂਟਿਕ-ਸਾਥ ਕਾਰਨ ਗੁਜਰਾਤਣ ਸਮਿਤਾ ਪਾਟਿਲ ਨੂੰ ਪੰਜਾਬੀ ਨੱਢਾ ਏਨਾ ਭਾਇਆ ਕਿ ਉਹ ਘਰ ਬਾਰ ਛੱਡ ਕੇ ਉਸ ਦੇ ਬੈਡ-ਰੂਮ ਵਿਚ ਆ ਬੈਠੀ। ਅਜ ਕੱਲ੍ਹ ਰਾਜ ਬੱਬਰ ਤ੍ਰਿਸ਼ੰਕੂ ਵਾਂਗ ਵਿਚਕਾਰ ਲਟਕਿਆ ਹੋਇਆ ਹੈ । ਰਾਜ ਬੱਬਰ ਨੂੰ ਥੀਏਟਰ ਆਰਟਿਸਟ ਤੋਂ ਫੇਰ ਹੀਰੋ ਬਨਾਉਣ ਵਾਲੀ ਨਾਦਿਰਾ ਬੱਬਰ ਨੂੰ ਉਹ ਤਨੋਂ ਮਨੋਂ ਚਾਹੁੰਦਾ ਹੈ । ਪਰ ਸਮਿਤਾ ਉਸ ਨੂੰ ਪ੍ਰਛਾਵੇਂ ਵਾਂਗ ਚਿਮਟ ਗਈ ਹੈ । ਕੀ ਕਰੇ ਵਿਚਾਰਾ ਤ੍ਰਿਸ਼ੰਕੂ ਰਾਜ ਬੱਬਰ ।

ਰਾਜਿੰਦਰ ਕੁਮਾਰ ਦੀ ਤੀਜੀ ਬਹੂ ਨਮਰਤਾ

ਜਦੋਂ ਰਾਜਿੰਦਰ ਕੁਮਾਰ ਦੇ ਘਰ ਗੀਗਾ (ਬੰਟੀ ਜਾਂ ਕੁਮਾਰ ਗੌਰਵ) ਜੰਮਿਆ ਸੀ ਤਾਂ ਉਸ ਨੇ ਗੁੜ ਦੀ ਥਾਵੇਂ ਰਿਓੜੀਆਂ ਵੰਡੀਆਂ ਸਨ ਕਿਉਂਕਿ ਉਦੋਂ ਜੁਬਲੀ ਕੁਮਾਰ ਆਪ ਸੰਘਰਸ਼ ਕਰ ਰਿਹਾ ਸੀ । ਫੇਰ ਬੰਟੀ ਜਵਾਨ ਹੋਣ ਤੋਂ ਸੀ ਕਿ ਉਸ ਦਾ ਪੁੱਤਰ ਡਾਇਮੰਡ ਜੁਬਲੀ ਹੀਰੋ ਬਣੇਗਾ । ਇਸ ਲਈ ਪੁੱਤਰ ਲਈ ਰਾਜ ਕਪੂਰ ਦੀ ਛੋਟੀ ਧੀ ਰੀਮਾ ਮੰਗ ਲਈ ਪਰ ਕੁਮਾਰ ਗੌਰਵ ਦਾ ਦਿਮਾਗ ਚੌਥੇ ਅਸਮਾਨ ਤੇ ਹੋਣ ਕਾਰਨ ਇਹ ਨਾਲ ਮੰਗ ਚੁੱਕਾ ਹੈ । ਹ ਸਕਦਾ ਹੈ ਮੁੰਡਾ ਮੰਗਣੀ ਤੋਂ ਬਾਅਦ ਹੀ ਰਾਹ 'ਤੇ ਆ ਜਾਵੇ । ਹੀਰੋ ਰਹੇ ਨਾ ਰਹੇ ਰਾਜਿੰਦਰ ਕੁਮਾਰ ਦੇ ਕਾਰੋਬਾਰ ਦਾ ਜਨਰਲ ਮੈਨੇਜਰ ਤਾਂ ਬਣ ਹੀ ਜਾਵੇਗਾ ।

'ਯਾਰ ਕਸਮ' ਵਿਚ ਡਾਇਰੈਕਟਰ ਕੇ. ਪ੍ਰਸਾਦ, ਰਾਜ ਬੱਬਰ ਤੇ ਮਾਰਕ ਜ਼ੁਬਿਰ

MANN MUSIC VIDEO & PHOTO STUDIO

6512 Main St.(49th Ave.) VANCOUVER, B.C.

ਨਵੀਆਂ ਮੂਵੀਆਂ :

ਜ਼ਮੀਨ ਅਸਮਾਨ, ਪਾਕਿਸਤਾਨੀ ਸੰਗਰਾਮ, (ਭਿੰਡਰਾਂਵਾਲਿਆਂ ਦੀ ਵੀਡੀਓ ਮੂਵੀ), (ਅਵਤਾਰ ਸਿੰਘ ਭੌਰਾ)

ਵਿਆਹ ਦੀਆਂ ਫੋਟੋਆਂ ਅਤੇ ਵੀਡੀਓ ਮੂਵੀ ਲਈ ਮਾਨ ਫੋਟੋ ਸਟੂਡੀਓ

ਪਾਸਪੋਰਟ, ਸਿਟੀਜ਼ਨ ਜਾਂ ਵੀਜ਼ੇ ਲਈ ਪੰਜ ਮਿੰਟ ਵਿਚ ਫੋਟੋ ਖਿਚਵਾਓ

ਗੁਰਦਾਸ ਮਾਨ ਦੀ ਨੰਬਰ 5 ਟੇਪ ਤਿਆਰ ਹੋ ਗਈ ਜਿਸ ਵਿਚ ਬਿਲਕੁਲ ਨਵੇਂ ਗੀਤ ਹਨ ।
ਨੰਬਰ 85 ਟੇਪ ਤਿਆਰ ਹੋ ਗਈ ਜਿਸ ਵਿਚ ਸੀਮਾ ਤੇ ਸੀਤਲ ਦਾ ਅਖਾੜਾ ਹੈ ।

ਅਵਤਾਰ ਸਿੰਘ ਭੌਰਾ ਢਾਡੀ ਜਥੇ ਵਲੋਂ ਅੰਮ੍ਰਿਤਸਰ ਦੇ ਖੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਇੰਦਰਜੀਤ ਸਿੰਘ ਅਣਖੀ ਢਾਡੀ ਜਥੇ ਵਲੋਂ ਤਿਆਰ ਟੇਪ ਜੋ ਸਿਰਫ ਮਾਨ ਮਿਊਜ਼ਿਕ ਤੋਂ ਖ਼੍ਰੀਦੋ

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਦਾ ਨਵਾਂ ਟਾਈਮ

ਦੁਪਹਿਰੇ 12 : 15 ਤੋਂ 1 : 00 ਵਜੇ ਤੱਕ
ਹਰ ਐਤਵਾਰ
8 : 05 ਤੋਂ 9 : 10 ਵਜੇ ਤੱਕ

ਵਾਰਾਂ ਦੀਆਂ ਟੇਪਾਂ ਵਿਚ ਪੂਰਨ ਭਗਤ ਸਿੰਘ ਦੀ ਟੇਪ ਅਤੇ ਦਹੂਦ ਬਾਦਸ਼ਾਹ ਦੇ ਕਿੱਸੇ ਦੀਆਂ ਤਿੰਨ ਟੇਪਾਂ ਪਹੁੰਚ ਗਈਆਂ

ਹੋਰ ਜਾਣਕਾਰੀ ਲਈ : 321-6667

- ਰਾਜ ਬੱਬਰ ਤੇ ਸਮੀਤਾ ਪਾਟਿਲ -

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਇਕੱਤਰਤਾ

ਵੈਨਕੂਵਰ — 24 ਜੂਨ 1984ਨੂੰ ਪੰਜਾਬੀ ਲੇਖਕ ਮੰਚ ਦੀ ਮਾਸਿਕ ਇਕੱਤਰਤਾ ਨੇਬਰਹੁੱਡ ਹਾਊਸ ਵਿੱਚ ਸ਼ਾਮ ਦੇ ਪੰਜ ਵਜੇ ਸ੍ਰੀ ਗੁਰਚਰਨ ਰਾਮਪੁਰੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਦਰਸ਼ਨ ਗਿੱਲ, ਮਲਜੀਤ ਮੀਤ, ਸਤਿੰਦਬ ਸਿੰਘ ਸਿੱਧੂ ਭਾਗ ਸਿੰਘ ਢੱਟ, ਅਮਰਜੀਤ ਚਾਹਲ , ਚਰਨ ਸਿੰਘ, ਮੁਹਿੰਦਰ ਸੂਮਲ, ਹਰਭਜਨ ਸਿੰਘ ਦਿਓਲ, ਅਮਰ ਸਿੰਘ ਬੈਨੀਪਾਲ, ਗੁਰਚਰਨ ਟੱਲੇਵਾਲੀਆ , ਸੁਖਵੰਤ ਹੁੰਦਲ,ਤੇ ਦਰਸ਼ਨ ਬੈਂਸ ਸ਼ਾਮਲ ਸਨ।

ਰੀਕਾਰਡਿੰਗ ਕੁਆਰਡੀਨੇਟਰ ਦਰਸ਼ਨ ਗਿੱਲ ਨੇ 3 ਜੂਨ 84 ਨੂੰ ਹੋਈ ਮੀਟਿੰਗ ਦੀ ਕਾਰਵਾਈ ਪੜ੍ਹੀ ਅਤੇ ਮੰਚ ਦੇ ਕੁਆਰਡੀਨੇਟਰ ਮੁਹਿੰਦਰ ਸੂਮਲ ਨੇ ਸ਼ਾਮਲ ਮੈਂਬਰਾਂ ਨੂੰ ਸੂਚਨਾ ਦਿੱਤੀ ਕਿ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਾਸਿਕ ਇਕੱਤਰਤਾ ਹਰ ਮਹੀਨੇ ਦੇ ਅੰਤਲੇ ਐਤਵਾਰ ਲਿਟਲ ਮਾਊਨਟੇਨ ਨੇਬਰਹੁੱਡ ਹਾਊਸ 3981 ਮੇਨ ਸਟਰੀਟ ਵੈਨਕੂਵਰ ਵਿੱਚ ਸ਼ਾਮ ਦੇ ਪੰਜ ਵਜੇ ਹੋਇਆ ਕਰੇਗੀ।

ਅਮਰਜੀਤ ਚਾਹਲ ਨੇ ਆਪਣੀ ਨਵੀਂ ਕਹਾਣੀ 'ਮਰਜ਼ੀ ਦਾ ਮਾਲਕ' ਪੜ੍ਹੀ। ਗੁਰਚਰਨ ਰਾਮਪੁਰੀ ਨੇ ਦੋ ਕਵਿਤਾਵਾਂ 'ਮੂਰਛਤ ਮਨੁੱਖਤਾ' ਤੇ 'ਲੱਕੜ ਦੀਆਂ ਤਲਵਾਰਾਂ', ਚਰਨ ਸਿੰਘ ਨੇ 'ਗਰਭਵਤੀ ਕੈਨਵਸ' ਤੇ ਮਨਜੀਤ ਮੀਤ ਨੇ ਆਪਣੀ ਨਵੀਂ ਕਵਿਤਾ 'ਉਠੋ ਮੇਰੇ ਵਤਨੀਂ ਲੋਕੋ' ਪੜ੍ਹੀਆਂ। ਦਰਸ਼ਨ ਬੈਂਸ ਨੇ ਆਪਣਾ ਲਿਖਿਆ ਟੀ.ਵੀ.ਡਰਾਮਾ 'ਛੱਤਰੀ' ਪੜ੍ਹਿਆ। ਅਮਰ ਸਿੰਘ ਬੈਨੀਪਾਲ ਨੇ ਗਜ਼ਲ ਅਤੇ ਗੁਰਚਰਨ ਟੱਲੇਵਾਲੀਆ ਨੇ ਰੁਬਾਈਆਂ ਪੜ੍ਹੀਆਂ। ਇਹਨਾਂ ਰਚਨਾਵਾਂ ਤੇ ਲਗਭਗ ਸਾਰੇ ਮੈਂਬਰਾਂ ਨੇ ਪੜਚੋਲ ਕਰਨ ਵਿਚ ਹਿੱਸਾ ਲਿਆ।

ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਵੈਨਕੂਵਰ ਅਤੇ ਇਸ ਦੇ ਆਲੇ ਦੁਆਲੇ ਵਸਦੇ ਇਲਾਕਿਆਂ ਦੇ ਲੇਖਕਾਂ ਬੇਨਤੀ ਹੈ ਕਿ ਉਹ ਹਰ ਮਹੀਨੇ ਇਹਨਾਂ ਸਾਹਿਤਕ ਮੀਟਿੰਗਾਂ ਵਿਚ ਜ਼ਰੂਰ ਸ਼ਾਮਲ ਹੋਣ।

ਹੋਰ ਜਾਣਕਾਰੀ ਲਈ ਫੋਨ ਕਰੋ — ਮੁਹਿੰਦਰ ਸੂਮਲ — 327-6461
ਕੋਆਰਡੀਨੇਟਰ

ਅਗਲੀ ਮੀਟਿੰਗ 29 ਜੁਲਾਈ ਦਿਨ ਐਤਵਾਰ ਨੂੰ ਸ਼ਾਮ ਦੇ ਪੰਜ ਵਜੇ ਹੋਵੇਗੀ।

(ਪੰਨਾ 4 ਦੀ ਬਾਕੀ)

? : ਕਿਸੇ ਹੋਰ ਨੇ ਇਸ ਸੁਆਲ ਦੇ ਜਵਾਬ ਵਿੱਚ ਕੁਝ ਐਡ ਤਾਂ ਨਹੀਂ ਕਰਨਾ?

ਇੱਕ : ਸਾਡੀ ਇੱਕੋ ਆਵਾਜ਼ ਹੈ ਉਹ ਇਹਦੇ (ਪਹਿਲੀ ਵਲ ਇਸ਼ਾਰਾ ਕਰਕੇ)ਵਿਚ ਦੀ ਬੋਲ ਰਹੀ ਹੈ।

? : ਹੁਣ ਜਦੋਂ ਤੁਹਾਡੀ ਇਹ ਲੜਾਈ ਚਲ ਰਹੀ ਹੈ, ਤੁਹਾਡੇ ਸਾਰਿਆਂ ਦੇ ਨਾਲ ਰਲ ਕੇ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਤੀਨਿਧ ਇਹ ਜ਼ਦੋਜਹਿਦ ਚਲਾ ਰਹੇ ਹਨ। ਜਿਸ ਤਰਾਂ ਉਹ ਇਹ ਜ਼ਦੋਜਹਿਦ ਚਲਾ ਰਹੇ ਹਨ, ਕੀ ਤੁਸੀਂ ਉਸ ਤੋਂ ਸੰਤੁਸ਼ਟ ਹੋ?

ਇੱਕ : ਜਿਹੜਾ ਉਹ ਕੰਮ ਕਰਦੇ ਆ ਉਹ ਸਾਡੇ ਨਾਲੋਂ ਵੀ ਜ਼ਿਆਦਾ ਕੰਮ ਕਰਦੇ ਆ। ਅਸੀਂ ਉਨਾ ਸੋਚ ਨਹੀਂ ਸਕਦੇ ਜਿਨ੍ਹਾਂ ਉਹ ਕਰ ਰਹੇ ਹਨ।

ਦੂਜੀ : ਉਹ ਗਲਤ ਕਰ ਹੀ ਨਹੀਂ ਸਕਦੇ, ਕਿਉਂਕਿ ਯੂਨੀਅਨ ਅਸੀਂ ਬਨਾਉਣੀ ਐ ਉਹ ਸਾਡੇ ਸਿਰ ਤੇ ਖੜੇ ਆ।

? : ਜਿਸ ਤਰਾਂ ਦੀ ਲੀਡਰਸ਼ਿਪ ਉਹ ਤੁਹਾਨੂੰ ਦੇ ਰਹੇ ਆ, ਤੁਹਾਡੇ ਖਿਆਲ ਵਿੱਚ ਉਹ ਠੀਕ ਲੀਡਰਸ਼ਿਪ ਦੇ ਰਹੇ ਆ?

ਇੱਕ : ਉਹ ਗੁੱਡ ਕਰ ਰਹੇ ਆ।

? : ਜਦੋਂ ਯੂਨੀਅਨ ਬਣ ਗਈ, ਕੀ ਤੁਹਾਨੂੰ ਪੂਰਨ ਆਸ ਹੈ ਕਿ ਤੁਹਾਡੇ ਕੰਮ ਦੀਆਂ ਸਹੂਲਤਾਂ ਸੁਧਰ ਜਾਣਗੀਆਂ?

ਇੱਕ : ਹਾਂ ਜੀ

ਦੂਜੀ : ਜੇ ਉਹ ਸਾਡੀਆਂ ਮੰਗਾਂ ਮੰਨ ਲੈਣਗੇ, ਤਾਂ ਸੁਧਰਨਗੀਆਂ।

ਤੀਜੀ : ਸਾਨੂੰ ਪੂਰੀ ਆਸ ਹੈ ਕਿ ਸਾਡੀ ਯੂਨੀਅਨ ਬਣ ਗਈ ਤਾਂ ਸਭ ਠੀਕ ਹੋਵੇਗਾ।

? : ਜਦੋਂ ਤੁਹਾਡੀ ਯੂਨੀਅਨ ਬਣ ਗਈ ਤਾਂ ਤੁਹਾਡੀਆਂ ਮੰਗਾਂ ਕੀ ਹੋਣਗੀਆਂ — ਦੂਜੇ ਸ਼ਬਦਾਂ ਵਿਚ ਤੁਸੀਂ ਆਪਣੀ ਯੂਨੀਅਨ ਰਾਹੀਂ ਕਿਹੜੇ ਕਿਹੜੇ ਹੱਕ ਜਿੱਤਣਾ ਚਾਹੋਗੇ?

ਇੱਕ : ਜਿਹੜੇ ਲੋਕੀ ਇਨਫਰਮੇਸ਼ਨ ਪਿਕਟ ਕਰਾਸ ਕਰਕੇ ਅੰਦਰ ਕੰਮ ਕਰਨ ਗਏ ਹਨ, ਉਹ ਬਾਹਰ ਆਉਣ।

ਦੂਜੀ : ਅਸੀਂ ਗੁੱਡ ਪੇ, ਓਵਰਟਾਈਮ, ਹਾਲੀਡੇ ਪੇ, ਐਮ.ਐਸ.ਏ. ਮਾਲਕ ਵਲੋਂ ਪੇ ਕਰਨ ਦੀ ਮੰਗ ਕਰਾਂਗੇ।

ਤੀਜੀ : ਅਸੀਂ ਲਾਈਟਾਂ ਦਾ ਠੀਕ ਪ੍ਰਬੰਧ, ਲੰਚ ਰੂਮ ਦੀ ਮੰਗ ਕਰਾਂਗੇ — ਵੀਕ-ਐਂਡ ਦੀ ਛੁੱਟੀ ਆਦਿ।

? : ਜਿਹੜੀ ਤੁਸੀਂ ਲੜਾਈ————?

ਇੱਕ : (ਵਿਚੋਂ ਟੋਕ ਕੇ) ਬੰਦੂਕਾਂ ਨਾਲ ———(ਮਜ਼ਾਖੀਆ ਤੌਰ ਤੇ)(——ਤੇ ਸਭ ਹਸਦੀਆਂ ਹਨ)

? : ਹਾਂ ਜਿਹੜੀ ਤੁਸੀਂ ਇਹ ਲੜਾਈ ਲੜ ਰਹੀਆਂ ਹੋ ਇਸ ਬਾਰੇ ਤੁਹਾਡੇ ਕੀ ਖਿਆਲ ਹਨ?

ਇੱਕ : ਸਾਡਾ ਯਕੀਨ ਹੈ ਸਾਨੂੰ ਪੂਰਨ ਆਸ ਹੈ ਕਿ ਸਾਡਾ ਇਹ ਕੰਮ ਸਿਰੇ ਚੜ੍ਹੇਗਾ ਅਤੇ ਅਸੀਂ ਜਿੱਤਾਂ ਗੀਆਂ।

ਦੂਜੀ : ਕਿਉਂਕਿ ਅੱਜ ਤਕ ਸਾਡਾ ਸਾਰੀਆਂ ਦਾ ਏਕਾ ਐ।

ਤੀਜੀ : ਹੁਣ ਤਕ ਸਾਰੀਆਂ ਦੀ ਕੋਸ਼ਿਸ਼ ਰਹੀ ਹੈ ਕਿ ਯੂਨੀਅਨ ਬਣ ਜਾਏ ਤੇ ਸਾਨੂੰ ਪੂਰਨ ਆਸ ਹੈ ਅਸੀਂ ਇਸ ਕੰਮ ਵਿੱਚ ਫਤਹਿ ਪਾਵਾਂਗੇ।

ਚੌਥੀ : ਜਿੱਤ ਹਾਰ ਤਾਂ ਹੁੰਦੀ ਰਹਿੰਦੀ ਐ। ਜੇ ਹਾਰ ਵੀ ਗਏ ਤਾਂ ਯੂਨੀਅਨ ਵਾਲਿਆਂ ਤੇ ਕੁੜੀਆਂ ਨੂੰ ਢੇਰੀ ਨਹੀਂ ਢਾਹੁਣੀ ਚਾਹੀਦੀ ਕਿਉਂਕਿ ਆਉਣ ਵਾਲੇ ਲੋਕਾਂ ਨੂੰ ਪਤਾ ਲਗਣਾ ਚਾਹੀਦਾ ਹੈ ਕਿ ਇਨ੍ਹਾਂ ਨੇ ਆਪਣੀਆਂ ਜਾਬਾਂ ਛੱਡ ਕੇ ਲੜਾਈ ਕੀਤੀ।

? : ਦੂਜੇ ਮਸ਼ਰੂਮ ਫਾਰਮਾਂ ਵਿੱਚ ਥੋੜੇ ਬਹੁਤੇ ਫਰਕ ਨਾਲ ਤੁਹਾਡੇ ਵਰਗੀਆਂ ਹੀ ਹਾਲਤਾਂ ਹਨ ਤੁਸੀਂ ਉਨ੍ਹਾਂ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਕੀ ਕਹਿਣਾ ਚਾਹੋਗੀਆਂ?

ਇਕੱਠੀਆਂ : ਯੂਨੀਅਨ ਬਣਾਓ ਤੂ ਆਪਣੂ ਹੱਕ ਲਓ।

ਇੱਕ : ਆਪਣੇ ਹੱਕਾਂ ਲਈ ਲੜੋ।

? : ਜਿਸ ਤਰਾਂ ਆਪਾਂ ਨੂੰ ਪਤਾ ਹੈ ਕਿ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਬਣੀ ਨੂੰ ਚਾਰ ਸਾਲ ਹੋ ਗਏ ਹਨ। ਇਨ੍ਹਾਂ ਚੋਂਹ ਸਾਲਾਂ ਵਿਚ ਯੂਨੀਅਨ ਦੀ ਮੈਂਬਰਸ਼ਿਪ ਏਨੀ ਨਹੀਂ ਵਧੀ — ਤੁਹਾਡੇ ਖਿਆਲ ਵਿੱਚ ਇਸਦੇ ਕੀ ਕਾਰਨ ਹੋਣਗੇ?

ਇੱਕ : ਬਹੁਤ ਲੋਕ ਜਿਹੜੇ ਫਾਰਮਾਂ 'ਚ ਕੰਮ ਕਰਨ ਵਾਲੇ ਹਨ, ਕੈਬਿਨਾ 'ਚ ਰਹਿੰਦੇ ਹਨ। ਉਨ੍ਹਾਂ ਨੂੰ ਯੂਨੀਅਨ ਬਾਰੇ ਬਹੁਤ ਪਤਾ ਨਹੀਂ। ਉਨ੍ਹਾਂ ਨੂੰ ਜਾਕੇ ਦਸਣਾ ਚਾਹੀਦਾ ਤਾਕਿ ਪਤਾ ਲੱਗੇ।

ਦੂਜੀ : ਜ਼ਿਆਦਾ ਲੋਕ ਅਨਅੰਪਲਾਇਮੈਂਟ ਲੈਣ ਬਾਰੇ ਸੋਚਦੇ ਹਨ ਇੰਸ ਕਰਕੇ ਯੂਨੀਅਨ ਵਿਚ ਜ਼ਿਆਦਾ ਇਨਟਰਸਟ ਨਹੀਂ ਰਖਦੇ। ਜਿਨ੍ਹਾਂ ਨੇ ਸਟੱਡੀ ਕੰਮ ਕਰਨਾ ਹੈ ਉਹ ਯੂਨੀਅਨ ਵਿਚ ਜ਼ਿਆਦਾ ਇਨਟਰਸਟ ਰਖਦੇ ਹਨ। ਜਿਨ੍ਹਾਂ ਨੇ ਸਿਰਫ ਛੇ ਮਹੀਨੇ ਜਾਂ 10 ਹਫਤੇ ਕੰਮ ਕਰਨਾ ਹੈ ਉਹ ਜ਼ਿਆਦਾ ਇਨਟਰਸਟ ਨਹੀਂ ਰਖਦੇ।

? : ਹੋਰ ਕੀ ਕਾਰਨ ਹੋ ਸਕਦੇ ਹਨ — ਜਿਹੜੇ ਲੋਕ ਕੈਬਿਨਾਂ 'ਚ ਰਹਿੰਦੇ ਹਨ ਉਨ੍ਹਾਂ ਨੂੰ ਸ਼ਾਇਦ ਯੂਨੀਅਨ ਬਾਰੇ ਨਾ ਪਤਾ ਹੋਵੇ — ਪਰ ਵੈਨਕੂਵਰ ਤੋਂ ਚਿਲਵੈਕ ਜਾਂ ਅੱਗੇ ਹੋਪ ਤਕ ਜਿਹੜੇ ਲੋਕ ਰਹਿੰਦੇ ਹਨ — ਉਨ੍ਹਾਂ ਨੂੰ ਤਾਂ ਸਾਰਿਆਂ ਨੂੰ ਯੂਨੀਅਨ ਬਾਰੇ ਪਤਾ ਹੋਊ ਕਿ ਯੂਨੀਅਨ ਹੈਗੀ ਆ।

ਇੱਕ : ਨਹੀ ਬਾਹਲਿਆਂ ਨੂੰ ਨਹੀਂ।

ਦੂਜੀ : ਕਈ ਲੋਕ ਠੇਕੇਦਾਰ ਨਾਲ ਜਾਂਦੇ ਹਨ — ਉਨ੍ਹਾਂ ਨੇ ਰਾਈਡ ਲੈਣਹ ਹੁੰਦੀ ਐ, ਜੇ ਯੂਨੀਅਨ ਉਨ੍ਹਾਂ ਦੀ ਰਾਈਡ ਦਾ ਪ੍ਰਬੰਧ ਕਰੇ ਤਾਂ ਸ਼ਾਇਦ ਉਹ ਯੂਨੀਅਨ ਦੇ ਮੈਂਬਰ ਵਣ ਜਾਣ ਜਾਂ ਉਹਨਾ ਕੋਲ ਰਾਈਡ ਦਾ ਆਪਣਾ ਪ੍ਰਬੰਧ ਹੋਵੇ ਤਾਂ ਸ਼ਾਇਦ ਉਹ ਮੰਨ ਜਾਣ।

ਤੀਜੀ : ਨਾਲੇ ਜਦੋਂ ਲੋਕੀ ਮਾਲਕਾਂ ਜਾਂ ਠੇਕੇਦਾਰਾਂ ਨਾਲ ਕੰਮ ਕਰਦੇ ਆ ਤਾਂ ਉਹ ਮਾਲਕ ਵਰਕਰਾਂ ਨੂੰ ਦੱਸਦੇ ਹਨ ਕਿ ਯੂਨੀਅਨ ਦੇ ਕੋਈ ਫਾਇਦੇ ਨਹੀਂ, ਸਗੋਂ ਯੂਨੀਅਨ ਵਾਲੇ ਉਹਨਾਂ ਕੋਲੋਂ 15-20 ਡਾਲਰ ਲੈ ਜਾਇਆ ਕਰਨਗੇ। ਯੂਨੀਅਨ ਵਾਲੇ ਉਹਨਾਂ ਕੋਲ ਯੂਨੀਅਨ ਦੇ ਫਾਇਦਿਆਂ ਬਾਰੇ ਨਹੀਂ ਦੱਸ ਸਕਦੇ ਉਥੇ ਜਾਕੇ ਜਾਂ ਉਹਨਾਂ ਦੇ ਘਰ।

? : ਤੁਹਾਡਾ ਮਤਲਬ ਐ ਮਾਲਕ ਲੋਕਾਂ ਨੂੰ ਯੂਨੀਅਨ ਦੇ ਅਖੌਤੀ ਨੁਕਸਾਨਾਂ ਬਾਰੇ ਦੱਸਦੇ ਰਹਿੰਦੇ ਹਨ ਪਰ ਯੂਨੀਅਨ ਵਾਲੇ ਵਰਕਰਾਂ ਤਕ ਯੂਨੀਅਨ ਦੇ ਫਾਇਦਿਆਂ ਬਾਰੇ ਨਹੀਂ ਦੱਸ ਸਕਦੇ?

ਇੱਕ : ਹਾਂ ਜੀ — ਯੂਨੀਅਨ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਜਾਕੇ ਸਾਰੇ ਲੋਕਾਂ ਨੂੰ ਇਸ ਬਾਰੇ ਦੱਸਣ।

? : ਜਦੋਂ ਦੀਆਂ ਤੁਸੀਂ ਬਾਹਰ ਪਿਕਟ ਲਾਈਨ ਤੇ ਹੋ ਤੁਹਾਨੂੰ ਯੂਨੀਅਨ ਤੋਂ ਬਿਨਾਂ ਹੋਰ ਪਾਸਿਓਂ ਵੀ ਕਿਸੇ ਤਰਾਂ ਦੀ ਹੈਲਪ ਮਿਲੀ ਹੈ, ਆਪਣੀ ਕਮਿਊਨਿਟੀ 'ਚੋਂ ਜਾਂ ਲਾਰਜਰ ਕਮਿਊਨਿਟੀ 'ਚੋਂ, ਜਿਸ ਤਰਾਂ ਗੋਰਿਆਂ ਆਦਿ ਤੋਂ। ਤੁਸੀ ਕਿਸ ਤਰਾਂ ਮਹਿਸੂਸ ਕਰਦੀਆਂ ਹੋ ਕਿ ਤੁਸੀਂ ਇਕੱਲੀਆਂ ਹੀ ਇਹ ਲੜਾਈ ਲੜ ਰਹੀਆਂ ਹੋ ਜਾਂ ਹੋਰ ਵੀ ਕੋਈ ਤੁਹਾਡੇ ਨਾਲ ਹੈ?

ਇੱਕ : ਇਹਦੇ ਵਿੱਚ ਬਹੁਤ ਸਾਰੇ ਲੋਕ ਸਾਡੀ ਮਦਦ ਕਰਦੇ ਆ। ਸਾਡੇ ਰਿਸ਼ਤੇਦਾਰ ਵੀ ਇਸ ਹੱਕ ਵਿਚ ਹਨ ਕਿ ਸਾਨੂੰ ਯੂਨੀਅਨ ਬਨਾਉਣੀ ਚਾਹੀਦੀ ਹੈ, ਉਹਨਾਂ ਨੇ ਸਾਡਾ ਸਾਥ ਹਰ ਵਕਤ ਦਿਤਾ ਹੈ।

? : ਜਦੋਂ ਤੁਸੀਂ ਪਿਕਟ ਲਾਈਨ ਤੇ ਸੀਗੀਆਂ, ਉਦੋਂ ਇਕ ਦੋ ਬੰਦਿਆਂ (ਬਾਹਰਲੇ) ਨੇ ਕਿਹੀਾ ਕਿ ਤੁਸੀਂ ਇਥੇ ਕਿਉਂ ਹੋ ਜਦ ਕਿ ਫਰੇਜ਼ਰ ਵੈਲੀ ਵਿਚ ਹੋਰ 85 ਮਸ਼ਰੂਮਾਂ ਦੇ ਫਾਰਮ ਹਨ ਉਨ੍ਹਾਂ ਦੇ ਕਹਿਣ ਦਾ ਮਤਲਬ ਸੀ ਕਿ ਯੂਨੀਅਨ ਵਾਲੇ ਆਪਣਿਆਂ ਦੇ ਫਾਰਮਾਂ ਨੂੰ ਜ਼ਿਆਦਾ ਤੰਗ ਕਰਦੇ ਹਨ, ਇਸੇ ਤਰਾਂ ਕੁਝ ਠੇਕੇਦਾਰ ਜਾਂ ਹੋਰ ਫਾਰਮਰ ਕਹਿੰਦੇ ਹਨ ਕਿ ਯੂਨੀਅਨ ਵਾਲੇ ਆਪਣੇ ਲੋਕਾਂ ਨੂੰ ਤਰੱਕੀ ਕਰਦੇ ਨਹੀਂ ਦੇਖ ਸਕਦੇ। ਤੁਹਾਡਾ ਇਸ ਬਾਰੇ ਕੀ ਖਿਆਲ ਹੈ? ਫਰਜ਼ ਕਰੋ ਜੇ ਇਹ ਕਿਸੇ ਗੋਰੇ ਦਾ ਫਾਰਮ ਤੇ ਕੰਮ ਦੀਆਂ ਹਾਲਤਾਂ ਇਸ ਹੀ ਤਰਾਂ ਦੀਆਂ ਹੁੰਦੀਆਂ ਤਾਂ ਤੁਸੀਂ ਕਿਸੇ ਹੋਰ ਪ੍ਰਕਾਰ ਸੋਚਣਾ ਸੀ?

ਇੱਕ : ਨੋ।

ਦੂਜੀ : ਜਿਹੜਾ ਬਿਜਨੈਸਮੈਨ ਹੈ, ਹੈ ਤਾਂ ਉਹੀ ਬਿਜ਼ਨਸਮੈਨ ਹੀ, ਕੰਮ ਤਾਂ ਉਹਦਾ ਉਹੀ ਹੈ ਪਾਵੇਂ ਉਹ ਗੋਰਾ ਹੈ ਜਾਂ ਸਾਡਾ।

ਇੱਕ ; ਜੇ ਹਾਲਤ ਇਸ ਹੀ ਤਰਾਂ ਦੀਆਂ ਹੁੰਦੀਆਂ ਤਾਂ ਅਸੀਂ ਉਥੇ ਵੀ ਯੂਨੀਅਨ ਦਾ ਸਟੈਪ ਚੁਕਣਾ ਸੀ।

ਤੀਜੀ : ਜੇ ਉਹ ਵੀ ਇਥੇ ਵਾਂਗ ਪੰਜ ਜਣੀਆਂ ਨੂੰ ਇਕੱਠਾ ਫਾਇਰ ਕਰਦਾ ਤਾਂ ਫੇਰ ਤਾਂ ਬੰਦਾ ਸੋਚਦਾ ਹੀ ਹੈ ਕਿ ਕੋਈ ਕਦਮ ਚੁੱਕਣਾ ਚਾਹੀਦਾ ਹੈ। ਭਾਵੇਂ ਗੋਰਾ ਹੋਵੇ ਜਾਂ ਆਪਣਾ — ਇਸ ਦਾ ਕੋਈ ਫਰਕ ਨਹੀਂ ਪੈਂਦਾ।

ਦੂਜੀ : ਇਸ ਤੋਂ ਪਹਿਲਾਂ ਯੂਨੀਅਨ ਜੈਨਸਨ ਅਤੇ ਚੋਆਏ ਫਾਰਮ ਦੇ ਬਣੀ ਹੈ, ਉਹ ਕਿਹੜਾ ਆਪਣੀ ਕਮਿਊਨਿਟੀ ਦੇ ਆਦਮੀ ਸਨ।

? : ਜਿਹੜੇ ਮਸ਼ਰੂਮ ਫਾਰਮ ਹੈਗੇ ਆ ਇਹਨਾਂ ਵਿਚ ਹੀ ਕੁਝ ਜਾਬਾਂ ਇਹੋ ਜਹੀਆਂ ਵੀ ਹੈਗੀਆਂ ਕਿ ਤੁਹਾਨੂੰ ਕਿਸੇ ਹੁਨਰ ਦੀ ਲੋੜ ਹੈ ਜਾਂ ਬਈ ਅਜੇਹਾ ਕੰਮ ਜਿਹੜਾ ਪਹਿਲਾਂ ਹੀ ਸਿਖਿਆ ਹੋਣਾ ਚਾਹੀਦਾ?

ਇੱਕ : ਇਹ ਤਾਂ ਮਸ਼ਰੂਮ ਪਿਕ ਕਰਨ ਲਈ ਵੀ ਕਹਿੰਦੇ ਆ ਕਿ ਪਹਿਲਾਂ ਮਸ਼ਰੂਮ ਪਿਕ ਕਰਨੇ ਆਉਂਦੇ ਹੋਣੇ ਚਾਹੀਦੇ ਆ। ਐਕਸਪੀਰੀਐਂਸ ਹੋਣਾ ਚਾਹਦਾ। ਪਰ ਕੋਈ ਅਜੇਹਾ ਕੰਮ ਤਾਂ ਹੈ ਨਹੀਂ ਕਿ ਬੰਦਾ ਪਹਿਲੋਂ ਹੀ ਘਰੋਂ ਸਿਖਿਆ ਹੋਵੇ। ਜੇ ਬੰਦਾ ਕੰਮ ਕਰੂਗਾ ਤਾਂ ਹੀ ਐਕਸਪੀਰੀਐਂਸ ਹੋਵੇਗਾ।

? : ਕੀ ਮਸ਼ਰੂਮ ਫਾਰਮਾਂ ਵਿਚ ਕੋਈ ਕੋਈ ਇਹੋ ਜਹੀ ਡਵੀਜ਼ਨ ਹੈਗੀ ਆ ਬਈ ਕੁਝ ਕੰਮ ਔਰਤਾਂ ਕਰਦੀਆਂ ਹੋਣ ਤੇ ਕੁਝ ਕੰਮ ਸਿਰਫ ਬੰਦੇ?

ਇੱਕ : ਪਿਕ ਕਰਨ ਦਾ ਕੰਮ ਤਕਰੀਬਨ ਔਰਤਾਂ ਹੀ ਕਰਦੀਆਂ ਹਨ। ਜਿਹੜਾ ਦੂਜਾ ਕੰਮ ਹੈ ਉਹ ਬੰਦੇ ਹੀ ਕਰ ਸਕਦੇ ਹਨ, ਜਿਵੇਂ ਘਰ ਭਰਨੇ, ਪਾਣੀ ਦੇਣਾ, ਟਰੈਕਟਰ ਚਲਾਉਣਾ ਆਦਿ ਇਹ ਬੰਦਿਆਂ ਦੇ ਕੰਮ ਆ।

? : ਤੁਸੀਂ ਕਾਰਾਂ ਚਲਾ ਲੈਂਦੀਆਂ ਹੋ, ਤੁਹਾਡੇ ਖਿਆਲ ਵਿੱਚ ਟਰੈਕਟਰ ਚਲਾਉਣਾ ਤੁਹਾਡੇ ਲਈ ਕਿੰਨਾਂ ਕੁ ਔਖਾ ਹੋਵੇਗਾ?

ਇੱਕ : ਔਖਾ ਨਹੀਂ। ਪਰ ਭਾ ਜੀ ਜਿਵੇਂ ਘਰ ਭਰਨੇ, ਪਾਣੀ ਦੇਣਾ, ਮਸ਼ਰੂਮ ਕਢਣੇ ਆਦਿ ਔਰਤਾਂ ਕਰ ਤਾਂ ਸਕਦੀਆਂ ਪਰ ਇਹ ਆਮ ਤੌਰ ਤੇ ਬੰਦਿਆਂ ਤੋਂ ਹੀ ਕਰਵਾਇਆ ਜਾਂਦਾ।

? : ਉਨ੍ਹਾਂ ਨੂੰ ਪੇ ਵੀ ਤੁਹਾਡੇ ਨਾਲੋਂ ਜ਼ਿਆਦਾ ਦਿੰਦੇ ਹਨ?

ਇੱਕ : ਹਾਂ ਉਨਾਂ ਦੇ ਘੰਟੇ ਦੇ ਪੰਜ ਡਾਲੇ ਨੇ।

ਦੂਜੀ : ਤਾਂਹੀਓਂ ਤਾਂ ਉਹ ਯੂਨੀਅਨ ਦੇ ਹੱਕ ਵਿਚ ਨਹੀਂ।

? : ਤੁਸੀਂ ਕੋ-ਆਪ (ਫਰੇਜ਼ਰ ਵੈਲੀ ਮਸ਼ਰੂਮ ਗਰੋਅਰਜ਼ ਐਸੋਸੀਏਸ਼ਨ ਦਾ ਕੈਨਿੰਗ ਅਤੇ ਪਰਾਸਿਸਿੰਗ ਪਲਾਂਟ) 'ਤੇ ਪਿਕਟ ਲਾਈ ਹੋਈ ਸੀ। ਉਥੇ 85 ਕਾਮੇ ਕੰਮ ਕਰਦੇ ਹਨ, ਉਨ੍ਹਾਂ ਵਿਚੋਂ ਇਕ ਵੀ ਪੰਜਾਬੀ ਨਹੀਂ ਸੀ। ਉਥੇ ਕੰਮ ਦੀ ਤਨਖਾਹ ਘੰਟੇ ਦੇ 11 ਡਾਲਰ ਹੈ। ਤੁਹਾਡੇ ਖਿਆਲ ਵਿਚ ਇਹ ਕਿਉਂ ਹੈ? ਕੀ ਪੰਜਾਬੀਆਂ ਨੂੰ ਉਹ ਕੰਮ ਨਹੀਂ ਕਰਨਾ ਆਉਂਦਾ ਜਾਂ ਤੁਹਾਡੇ ਖਿਆਲ ਵਿਚ ਕੀ ਰੀਜ਼ਨ ਹੈ?

ਇੱਕ : ਸਾਨੂੰ ਕੰਮ ਕਰਨਾ ਆਉਂਦਾ, ਪਰ ਸਾਥੋਂ ਉਹ ਕੰਮ ਕਰਵਾਏ ਨਹੀਂ ਜਾਂਦੇ। ਜੇ ਅਸੀਂ ਇਸ ਫਾਰਮ ਵਿਚ ਔਖਾ ਕੰਮ ਕਰ ਸਕਦੀਆਂ ਹਾਂ ਤਾਂ ਉਹ ਵੀ ਕੰਮ ਕਰ ਸਕਦੇ ਹਾਂ। ਸ਼ਾਇਦ ਸਾਨੂੰ ਇੰਗਲਿਸ਼ ਨਾ ਆਉਣ ਕਰਕੇ ਉਹ ਕੰਮ ਨਹੀਂ ਮਿਲਦਾ।

ਦੂਜੀ : ਬਹੁਤੇ ਪੜ੍ਹੇ ਲਿਖੇ ਵੀ ਚਲੇ ਜਾਣ, ਉਨ੍ਹਾਂ ਨੂੰ ਕਿਹੜਾ ਮਿਲਦਾ। ਲਗਦਾ ਉਹ ਫਰਕ ਸਮਝਦੇ ਐ।

? : ਕੀ ਤੁਹਾਡੇ ਵਿਚੋਂ ਕਿਸੇ ਨੇ ਵੀ ਪਹਿਲਾਂ ਆਪਣੀ ਜ਼ਿੰਦਗੀ ਵਿਚ ਪਿਕਟ ਵਰਗੀ ਥਾਂ ਤੇ ਖੜੇ ਹੋਕੇ ਦੇਖਿਆ ਹੈ ਜਾਂ ਕਿਸੇ ਜਲੂਸ ਵਿਚ ਨਾਅਰੇ ਲਾਏ ਹੋਣ ਜਾਂ ਇਸ ਕਿਸਮ ਦੇ ਮਾਹੌਲ ਵਿਚ ਸ਼ਾਮਲ ਹੋਈਆਂ ਸੀ?

ਇੱਕ : ਨਹੀਂ

ਦੂਜੀ : ਨਹੀਂ

ਤੀਜੀ : ਹਾਂ ਮੈਂ ਇਕ ਵੇਰ ਬਹੁਤ ਛੋਟੀ ਹੁੰਦੀ ਨੇ, ਇੰਡੀਆ ਵਿੱਚ ਪੁਲੀਸ ਦੇ ਵਿਰੁਧ ਇੱਕ ਮੁਜ਼ਾਹਰੇ ਵਿਚ ਕੁਝ ਨਾਅਰੇ ਲਾਏ ਸਨ।

? : ਤੁਸੀਂ ਹੁਣ ਕਿਵੇਂ ਮਹਿਸੂਸ ਕਰਦੀਆਂ ਹੋ ਇਸ ਐਕਸਪੀਰੀਐਂਸ ਤੋਂ ਬਾਅਦ। ਤੁਸੀਂ ਪਿਕਟ ਲਾਈਨ 'ਤੇ ਖੜੀਆਂ ਹੋਈਆਂ ਹੋ। ਕਈ ਵਾਰੀ ਤੁਸੀਂ ਕਈ ਖਤਰੇ ਵਾਲੀਆਂ ਸਿੱਚੂਏਸ਼ਨਜ਼ ਵਿਚ ਵੀ ਰਹੀਆਂ ਹੋਈਆਂ ਹੋ ਜਿਵੇਂ ਉਹ ਬਿਨਾਂ ਦੇਖੇ ਕਾਫੀ ਤੇਜ਼ ਪਿਕਟ ਲਾਈਨ ਕਰਾਸ ਕਰਨ ਲਈ ਕਾਰਾਂ ਜਾਂ ਟਰੱਕ ਲੰਘਾਉਂਦੇ ਸੀ, ਹੋ ਸਕਦੇ ਉਹ ਕਾਰਾਂ ਨੂੰ ਤੁਹਾਡੇ ਵਿਚ ਮਾਰਦੇ ਜਾਂ ਹੋਰ ਇਸ ਤਰਾਂ ਦੀ ਸ਼ਰਾਰਤ ਕਰ ਸਕਦੇ ਸੀ। ਇਸ ਤਰਾਂ ਦੇ ਐਕਸਪੀਰੀਐਂਸ ਤੋਂ ਬਾਅਦ ਕਿਵੇ ਮਹਿਸੂਸ ਕਰਦੀਆਂ ਹੋ?

ਇੱਕ : ਹੁਣ ਅਸੀਂ ਅੱਗੇ ਨਾਲੋਂ ਸਟਰਾਂਗ ਹੋ ਗਈਆਂ ਹਾਂ।

ਦੂਜੀ : ਹੁਣ ਅਸੀਂ ਆਪਣੇ ਆਪ ਨੂੰ ਅੱਗੇ ਨਾਲੋਂ ਸਟਰਾਂਗ ਸਮਝਦੇ ਹਾਂ ਅਤੇ ਜੇ ਕੋਈ ਹੋਰ ਭੈਣ-ਭਾਈ ਯੂਨੀਅਨ ਬਨਾਉਂਦਾ ਹੋਵੇ ਤਾਂ ਅਸੀਂ ਉਨ੍ਹਾਂ ਦਾ ਸਾਥ ਅਗਾਂਹ ਵਧ ਕੇ ਦੇਣ ਲਈ ਤਿਆਰ ਹਾਂ।

Matrimonial

Wanted a suitable Jat Sikh match for a Canadian Citizen Jat Sikh Sohi girl. Registered Nurse. Height 5" 4" . 24 yrs. Write to:

B.S. Khunkhun
P.O. BOX 721
Golden, B.C. VOA 1H0
Ph. (604)344-5147

ਓਕਾਨਾਗਿਨ ਵੈਲੀ ਦਾ ਵਧੀਆ ਫਰੂਟ

ਵਧੀਆ ਚੈਰੀ, ਪੀਅਰਜ਼ ਜਾਂ ਐਪਰੀਕਾਟਸ ਲੈਣ ਲਈ ਯਾਦ ਰੱਖੋ

ਗਰੇਵਾਲ ਫਾਰਮਜ਼
ਰੋਡ ਨੰਬਰ 9 ਓਲੀਵਰ ਬੀ.ਸੀ.
ਫੋਨ — 498-3191

FOR BEST OKANAGAN FRUITS
REMEMER
GREWAL FARMS
ROAD NO.9 OLIVER B.C.
CHERRIES PEARS AND APRICOTS

NON-SMOKERS & SMOKERS

TOGETHER WE ARE STRONGER

NORTH AMERICAN LIFE

Permanent & Terms Plan

SUDESH KALIA

* Life and Group Insurance
* Retirement & Pension Plans
* Company Pension and Health Benefit Plans
* Estate Protection
* Business & Mortgage Insurance

Ph. 685-9335

Real Plumbing & Electrical Supply

7211 Main St.(at 56th Ave.)
VANCOUVER, B.C. V5X 3J3

- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ

- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ

Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

Ph. 324 - 7066

This year's Film fare 's
Best Actress Award
Winner

PADMINI KOHLAPURI

IN SPECIAL APPEARANCE

FOR I.S.P.

Now you too can have all the eight exclusive I.S.P. creations that Padmini selected !!!

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
ਲਓ ਜੀ! ਹੁਣ ਇੰਡੀਆ ਸਾੜ੍ਹੀ ਪੈਲਿਸ ਤੇ ਸਲਵਾਰ ਕਮੀਜ਼ ਅਤੇ ਦੁੱਪਟੇ ਦੀਆਂ ਨਵੀਆਂ ਕੁਆਲਿਟੀ ਦੀਆਂ ਸ਼ਿੱਪਮੈਂਟਾਂ ਹਰ ਹਫਤੇ ਪਹੁੰਚ ਰਹੀਆਂ ਹਨ

Sucker
Stripes Palace [2] Satin Stripe Crepe [3] Crepe — De Chine Synthetic [4] Bamboo Stripes and Yuryu Georgette and many many more

ਸਾਡੇ ਕੋਲ ਇੰਡੀਆ ਤੋਂ ਹੁਣੇ ਹੀ ਬਹੁਤ ਭਾਰੀ ਸਿਲਕ ਦੀਆਂ ਸਾੜ੍ਹੀਆਂ ਵਿੱਚ ਸ਼ਿੱਪਮੈਂਟ ਆਈ ਹੈ

ਸਾਡੀਆਂ ਕੁਝ ਇਕ ਸੇਲ ਕੀਮਤਾਂ

~~$.45.00~~ ਹੁਣ $.20.00 ਚੁੱਨੀਂ ਸਮੇਤ
~~$.32.00~~ ਹੁਣ $.12.00
~~$.35.00~~ ਹੁਣ $.15.00
~~$.48.00~~ ਹੁਣ $.25.00 ਚੁੱਨੀਂ ਸੁਮੇਤ

ਆਓ ਅਤੇ ਟਾਪ ਕੁਆਲਿਟੀ ਦੇ Exclusive Design
ਦੇਖੋ ਜਿਹੜੇ ਕਿ ਸਿਰਫ ਇੰਡੀਆ ਸਾੜ੍ਹੀ ਪੈਲਿਸ ਤੋਂ ਹੀ ਮਿਲਣਗੇ

Biggest Sari Store Chain in the world, Outside India.

ISP
india sari palace

5037 Victoria Drive, Vancouver, B.C.
PH: [604] 324-2565

Phone 324-5991

ਸਟੋਰ ਹਰ ਰੋਜ਼ 10 ਵਜੇ ਤੋਂ 7 ਵਜੇ ਤਕ
ਫ਼ਰਾਈਡੇ 10 ਤੋਂ 9 ਵਜੇ ਤਕ